

ਤੇਰੇ ਨਾਲ ਨਿਭਾਅ ਨਹੀਂ ਸਕਿਆ, ਇਸ ਗਲ ਦਾ ਅਹਿਸਾਸ ਰਿਹਾ।
ਸ਼ਬਦਾਂ ਨਾਲ ਮੁਹੱਬਤ ਪੈ ਗਈ ਇਸ ਦਾ ਵੀ ਧਰਵਾਸ ਰਿਹਾ।
ਆਪਣੀ ਜੂਹ ਵਿਚ ਸਾਰਾ ਆਲਮ ਬੇਗ਼ਾਨਾ ਬੇਗ਼ਾਨਾ ਹੈ
ਦੇਸ 'ਚ ਮਨ ਪਰਦੇਸੀ ਹੋਇਆ, ਉਮਰਾਂ ਦਾ ਪਰਵਾਸ ਰਿਹਾ।
ਜ਼ਿੰਦਗਾਨੀ ਦੀ ਤਲਖ਼ੀ ਨੂੰ ਵੀ ਹੱਸਦੇ ਮੱਥੇ ਮਿਲਿਆ ਮੈਂ
ਫਿਰ ਵੀ ਆਪਣੇ ਸੱਖਣੇ ਦਿਲ ਨੂੰ ਗ਼ਮ ਕੁੱਝ ਜ਼ਿਆਦਾ ਰਾਸ ਰਿਹਾ।
ਬੇਸ਼ਕ ਯਾਰਾਂ ਦੀ ਮਹਿਫ਼ਿਲ ਵਿਚ ਗੀਤ ਗ਼ਮਾਂ ਦੇ ਗਾਏ ਮੈਂ
ਇਸ਼ਕ ਦੀ ਨਾ ਰੁਸਵਾਈ ਹੋਵੇ ਇਸ ਗੱਲ ਦਾ ਵੀ ਪਾਸ ਰਿਹਾ।
ਦੀਦ ਤੇਰੀ ਦਾ ਜਜ਼ਬਾ ਲੈ ਕੇ ਭਟਕਣ ਮੇਰੇ ਨਾਲ ਤੁਰੇ
ਚਿਹਰੇ ਉੱਤੇ ਧੂੜ ਰਹੀ ਤੇ ਸੜਕਾਂ ਉੱਤੇ ਵਾਸ ਰਿਹਾ।
ਉਦਰੇਵੇਂ ਦੀ ਬੁੱਕਲ ਮਾਰੀ ਪੜ੍ਹਿਆ ਹੈ ਮੈਂ ਜੀਵਨ ਨੂੰ
ਅੱਖਰ ਅੱਖਰ ਤਨਹਾਈ ਸੀ ਨਗ਼ਮਾਂ ਬਹੁਤ ਉਦਾਸ ਰਿਹਾ।

— ਸੁਖਵੰਤ ਚਿੱਤਰਕਾਰ

ਉਦਰੇਵੇਂ ਦੀ ਬੁੱਕਲ
ਰਾਜਿੰਦਰ ਪਰਦੇਸੀ

# ਉਦਰੇਵੇਂ ਦੀ ਬੁੱਕਲ

ਰਾਜਿੰਦਰ ਪਰਦੇਸੀ



UDREVEN DI BUKAL
By

Rajinder Pardesi
35-B, Dashmesh Nagar,
P.O. Dakoha.
JALANDHAR. PUNJAB - INDIA
Ph. 0091-9357641552 (M)
0091-181-3950653 (R)

ਸਭ ਹੱਕ ਲੇਖਕ ਦੇ ਰਾਖਵੇਂ ਹਨ।

ਮੁੱਲ
ਸਜਿਲਦ : 100
ਪੇਪਰ ਬੈਕ : 75

First Edition : January 2005
Title & Artwork : Sukhwant
Publication : Geet Prakashan
115/3, Manjit Nagar,
Basti Gujan,
Jalandhar
Ph.: 2205057, 3098486
Printer : Chhabra Computer & Printer
ED-274, DHAN ROAD
JALANDHAR.
Ph.: 98142-73311.

**ਰਚਨਾਵਾਂ**

'ਅੱਖਰ-ਅੱਖਰ ਤਨਹਾਈ' ਗ਼ਜ਼ਲ ਸੰਗ੍ਰਹਿ
'ਨਗ਼ਮਾ ਉਦਾਸ ਹੈ' ਕਾਵਿ ਸੰਗ੍ਰਹਿ

ਪਹਿਲੀ ਵਾਰ ਜਨਵਰੀ 2005

ਮੈਂ ਧੰਨਵਾਦੀ ਹਾਂ ਆਪਣੇ ਪਰਮ ਮਿੱਤਰ ਸ. ਤਾਰਾ ਸਿੰਘ ਯੂ.ਕੇ. ਦਾ ਜਿਨ੍ਹਾਂ ਨੇ ਇਹ ਪੁਸਤਕ ਛਪਵਾ ਕੇ ਤੁਹਾਡੇ ਹੱਥਾਂ ਤੱਕ ਪਹੁੰਚਾਈ।
ਲੇਖਕ



ਆਪਣੀ ਦੇਵੀ ਵਰਗੀ ਮਾਂ
ਇਕਬਾਲ ਕੌਰ ਦੀ ਪਵਿੱਤਰ
ਰੂਹ ਦੇ ਨਾਮ

# ਮੁੱਖ ਬੰਦ

ਆਖਣ ਨੂੰ ਤਾਂ ਗ਼ਜ਼ਲ ਤਿੰਨ ਅੱਖਰਾਂ ਦਾ ਛੋਟਾ ਜਿਹਾ ਸ਼ਬਦ ਹੈ ਪਰ ਇਹ ਤਿੰਨ ਅੱਖਰ ਬਹੁਤ ਵੱਡੇ-ਵੱਡੇ ਘੇਰੇ ਆਪਣੀਆਂ ਬਾਹਾਂ ਵਿਚ ਸਮੇਟੀ ਬੈਠੇ ਹਨ। ਗ਼ਜ਼ਲ ਦੇ ਸ਼ਾਬਦਿਕ ਅਰਥਾਂ 'ਔਰਤਾਂ ਨਾਲ ਪਿਆਰ ਦੀਆਂ ਗੱਲਾਂ ਕਰਨੀਆਂ' ਜਾਂ 'ਔਰਤਾਂ ਦੇ ਹੁਸਨ ਦੀ ਤਾਰੀਫ਼ ਕਰਨੀ' ਤੋਂ ਹੱਟ ਕੇ ਹੁਣ ਨਵੇਂ ਅਰਥ ਅਤੇ ਭਾਵ ਅਰਥ ਲੱਭੇ ਤੇ ਅਪਨਾਏ ਜਾ ਰਹੇ ਹਨ।

ਗ਼ਜ਼ਲ ਸ਼ਬਦ ਦਾ ਵਿਛੇਦ ਕਰਨ ਤੇ ਗ਼-ਜ਼-ਲ ਤਿੰਨ ਖ਼ੂਬਸੂਰਤ ਤਿਤਲੀਆਂ ਸਾਡੀ ਤਲੀ ਤੇ ਬੈਠ ਜਾਂਦੀਆਂ ਹਨ।

ਅੱਖਰ ਗ਼ (ਗ਼ੈਨ) ਗ਼ਾਜ਼ਾ (ਸਰੀਰ ਤੇ ਮਲਣ ਵਾਲਾ ਵਟਣਾ) ਗ਼ਨੂਦਗੀ (ਨਸ਼ਾ) ਗ਼ਮਜ਼ਾ (ਪ੍ਰੇਮਿਕਾ ਦੀਆਂ ਅਦਾਵਾਂ) ਗ਼ਿਨਾ (ਰਾਗ) ਗ਼ੁਸਲ (ਇਸ਼ਨਾਨ) ਗ਼ੁਲਾਮ ਗਰਦਿਸ਼ (ਔਰਤਾਂ ਅਤੇ ਮਰਦਾਂ ਦੇ ਕਮਰਿਆਂ ਵਿਚਾਲੇ ਨੌਕਰਾਂ ਅਤੇ ਨੌਕਰਾਣੀਆਂ ਦੇ ਬੈਠਣ ਦੀ ਥਾਂ) ਗ਼ਜ਼ਾਲਾ (ਹਿਰਣੀ) ਅਤੇ ਗ਼ੁੱਗ (ਚੰਨ ਦੀ ਪਹਿਲੀ ਰਾਤ) ਦੀ ਨੁਮਾਇੰਦਗੀ ਕਰਦਾ ਹੈ।

ਇਸੇ ਤਰ੍ਹਾਂ ਅੱਖਰ ਜ਼ (ਜ਼ੇ) ਜ਼ੁਬਾਨ (ਭਾਸ਼ਾ) ਜ਼ੁਬਦਾ (ਤਾਜ਼ਾ ਮੱਖਣ) ਜ਼ਾਫ਼ਰਾਨ (ਕੇਸਰ) ਜ਼ਾਵੀਯਾ (ਦ੍ਰਿਸ਼ਟੀਕੋਣ) ਜ਼ਿਫਾਫ਼ (ਸੁਹਾਗ ਰਾਤ) ਦਾ ਸੰਦੇਸ਼ ਵਾਹਕ ਹੈ।

ਅੱਖਰ ਲ (ਲਾਮ) ਲਬੋਲੁਬਾਬ (ਨਚੋੜ) ਲਾ ਮਹਿਦੂਦ (ਅਸੀਮ) ਲੱਜ਼ਤ (ਸੁਆਦ) ਲਤਾਫ਼ਤ (ਕੋਮਲਤਾ) ਲਾਫ਼ਾਨੀ (ਅਮਰ) ਲੌਲਾਸੀ (ਫੁੱਲਾਂ ਦੀ ਉਹ ਛੜੀ ਜਿਸ ਨਾਲ ਸਾਲੀਆਂ ਨਵ ਵਿਆਹੇ ਜੀਜੇ ਨੂੰ ਕੁੱਟਦੀਆਂ ਹਨ ਜਦੋਂ ਉਹ ਨਿਕਾਹ ਤੋਂ ਬਾਅਦ ਪਹਿਲੀ ਵਾਰ ਜ਼ਨਾਨਾਖ਼ਾਨੇ ਵਿਚ ਜਾਂਦਾ ਹੈ। ਲੌਹੇ ਸਮੀ (ਕੰਵਾਰੀ ਕੁੜੀ ਦਾ ਪੇਟ ਅਤੇ ਮੱਥਾ) ਲੁਗ਼ਾਤ (ਸ਼ਬਦਕੋਸ਼) ਲਮਸ (ਛੋਹ) ਲੂੰ ਕੰਡੇ ਖੜੇ ਕਰ ਦੇਣ ਵਾਲੀ ਛੋਹ ਦਾ ਪ੍ਰਤੀਬਿੰਬ ਹੈ।

ਉਪਰੋਕਤ ਸ਼ਬਦਾਂ ਅਤੇ ਉਹਨਾਂ ਦੇ ਅਰਥਾਂ ਦੇ ਨਿਗਾਹ ਮਾਰਿਆਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਗ਼ਜ਼ਲ ਇਕ ਬਹੁ ਆਯਾਮੀ ਵਿਧਾ ਹੈ ਅਤੇ ਇਸਦੇ ਵਿਸ਼ਿਆਂ ਦਾ ਘੇਰਾ ਅਸੀਮ ਹੈ।

ਗ਼ਜ਼ਲ ਵਿਚ ਜਿੱਥੇ ਕਿਸੇ ਮੁਟਿਆਰ ਦੇ ਵਟਨੇ ਦਾ ਰੰਗ ਹੈ ਉੱਥੇ ਉਹਦੇ ਬਾਤਾਂ ਪਾਉਂਦੇ ਨੈਣਾਂ ਦਾ ਨਸ਼ਾ, ਮਨ ਮੋਹਕ ਅਦਾਵਾਂ, ਉਹਦੇ ਕੋਮਲ ਹੋਠਾਂ ਵਿਚੋਂ ਫੁੱਟਣ ਵਾਲੀ ਰਾਗਨੀ ਵੀ ਹੈ। ਸ਼ਬਦਾਂ ਦੀ ਰਸਧਾਰਾ ਵਿਚ ਆਤਮਾ ਦਾ ਗੰਗਾ ਇਸ਼ਨਾਨ ਹੈ। ਚੰਨ ਦੀ ਪਹਿਲੀ ਰਾਤ ਦੀ ਬਾਲ ਵਰੇਸ ਹੈ। ਹਿਰਣੀ ਦੇ ਕਜਰਾਰੇ ਨੈਣਾਂ ਦੇ ਪੈਮਾਨਿਆਂ ਵਿਚੋਂ ਛਲਕਦੀ ਹੋਈ ਸ਼ਰਾਬ ਅਤੇ ਉਸਦੀਆਂ ਟਪੋਸੀਆਂ ਦੀ ਲੁਕਣਮੀਟੀ ਹੈ।

ਗ਼ਜ਼ਲ ਵਿਚ ਭਾਸ਼ਾ ਦੀ ਖ਼ੂਬਸੂਰਤੀ, ਤਾਜ਼ਾ ਮੱਖਣ ਦੀ ਕੋਮਲਤਾ ਅਤੇ ਮਹਿਕ, ਕੇਸਰ ਦਾ ਰੰਗ ਅਤੇ ਸੁਗੰਧ ਤੇ ਸੁਹਾਗ ਰਾਤ ਦਾ ਸਾਰਾ ਰੋਮਾਂਚ ਮੌਜੂਦ ਹੈ। ਨਵੇਂ ਤੋਂ ਨਵੇਂ ਵਿਸ਼ਿਆਂ ਦਾ ਨਚੋੜ ਹੈ। ਅਸਮਾਨ ਦਾ ਸਿਰਾ ਲੱਭਣ ਦੀ ਕੋਸ਼ਿਸ਼ ਹੈ। ਸ਼ਬਦਾਂ ਵਿਚ ਲੁਕੇ

ਹੋਏ ਸੰਗੀਤ, ਸੁਆਦ ਅਤੇ ਸਲੋਨੇਪਨ ਦਾ ਅਨੋਖਾ ਸੁਮੇਲ ਹੈ।

ਕੁਮਾਰੀ ਸ਼ਕੁੰਤਲਾ ਦੇ ਪੇਟ ਦੇ ਭੋਜ ਪੱਤਰ ਉੱਤੇ ਕਾਲੀਦਾਸ ਦੀ ਕਲਮ ਨਾਲ, ਦੁਸ਼ਅੰਤ ਦੁਆਰਾ ਲਿਖੀ ਵਸਲ ਦੀ ਅਰਜ਼ੀ ਹੈ। ਸਾਲੀਆਂ ਦੁਆਰਾ ਅਪਣੇ ਜੀਜੇ ਨੂੰ ਕੁੱਟਣ ਦੀ ਅਦਾਕਾਰੀ ਹੈ। ਮਨੁੱਖੀ ਮਨ ਨੂੰ ਪ੍ਰੇਰਣਾ ਦੇਣ ਵਾਲੇ ਸ਼ਬਦਾਂ ਦਾ ਸਵਿਸਤਾਰ ਸ਼ਬਦ ਕੋਸ਼ ਹੈ, ਜਿਸ ਵਿਚ ਭਾਸ਼ਾ ਦੀ ਰੰਗੀਨ ਉਂਗਲੀ ਦਾ ਕੋਮਲ ਸਪਰਸ਼, ਸੂਖਮ ਸਮਾਲੋਚ, ਸ਼ਬਦਾਰਥਾਂ ਦੀ ਵਿਆਪਕਤਾ, ਮੁਹਾਵਰਿਆਂ ਅਤੇ ਅਖਾਣਾਂ ਦੀ ਘੁੰਘਰੂ ਛਣਕਾਉਂਦੀ ਆਬਸ਼ਾਰ ਹੈ।

ਗ਼ਜ਼ਲ ਦੇ ਸ਼ਾਇਰ ਦੀ ਉਪਮਾ ਕਸਤੂਰੀ ਹਿਰਨ ਨਾਲ ਦਿੱਤੀ ਜਾ ਸਕਦੀ ਹੈ। ਕਸਤੂਰੀ ਹਿਰਨ ਦੀ ਨਾਫ਼ ਵਿਚੋਂ ਜਦੋਂ ਕਸਤੂਰੀ ਪੈਦਾ ਹੁੰਦੀ ਹੈ ਅਤੇ ਮਹਿਕਦੀ ਹੈ ਤਾਂ ਉਸਦੀ ਖ਼ੁਸ਼ਬੋ ਨਾਲ ਹਿਰਨ ਦਾ ਸਾਰਾ ਸਰੀਰ ਮਹਿਕਣ ਲੱਗ ਪੈਂਦਾ ਹੈ। ਇਹ ਖ਼ੁਸ਼ਬੋ ਹਿਰਨ ਦੇ ਮਨ ਅਤੇ ਦਿਮਾਗ ਤੇ ਐਸਾ ਅਸਰ ਪਾਉਂਦੀ ਹੈ ਕਿ ਉਹ ਕਮਲਾ ਹੋਇਆ ਫਿਰਦਾ ਹੈ। ਹਵਾ ਕਸਤੂਰੀ ਹਿਰਨ ਦੇ ਸਰੀਰ ਨੂੰ ਛੋਹ ਕੇ ਆਪ ਵੀ ਕਸਤੂਰੀਮਯ ਹੋ ਜਾਂਦੀ ਹੈ। ਇਹ ਹਵਾ ਜਿਧਰ ਵੀ ਜਾਂਦੀ ਹੈ ਕਸਤੂਰੀ ਦੀ ਖ਼ੁਸ਼ਬੋ ਵੰਡਦੀ ਜਾਂਦੀ ਹੈ ਇਹੀ ਹਾਲਤ ਗ਼ਜ਼ਲ ਦੇ ਸ਼ਾਇਰ ਦੀ ਹੁੰਦੀ ਹੈ।

ਗ਼ਜ਼ਲ ਦੇ ਸ਼ਾਇਰ ਦੇ ਦਿਲੋ ਦਿਮਾਗ ਵਿਚ ਜਦੋਂ ਖਿਆਲ ਰੂਪੀ ਕਸਤੂਰੀ ਦੀ ਸੁਗੰਧ ਪੈਦਾ ਹੁੰਦੀ ਹੈ ਅਤੇ ਉਸਦੀ ਕਲਮ ਉਸ ਖ਼ੁਸ਼ਬੋ ਨੂੰ ਆਤਮਸਾਤ ਕਰਕੇ ਸ਼ੇਅਰ ਦਾ ਰੂਪ ਅਖ਼ਤਿਆਰ ਕਰਦੀ ਹੈ ਤਾਂ ਪਾਠਕਾਂ ਅਤੇ ਸਰੋਤਿਆਂ ਦਾ ਤਨ-ਮਨ ਵੀ ਕਸਤੂਰੀਮਯ ਹੋ ਜਾਂਦਾ ਹੈ। ਇਸ ਖ਼ੁਸ਼ਬੋ ਵਿਚ ਇੰਦਰਧਨੁਸ਼ ਦੇ ਸਾਰੇ ਰੰਗ ਵੀ ਹੁੰਦੇ ਹਨ ਜੋ ਖ਼ੁਸ਼ਬੋ ਦਾ ਨਾਮਕਰਨ ਕਰਨ ਦੀ ਪੂਰੀ ਸਲਾਹੀਅਤ ਰੱਖਦੇ ਹਨ। ਇਸ ਪ੍ਰਕਾਰ ਗ਼ਜ਼ਲ ਖ਼ੁਸ਼ਬੋ ਦੇ ਨਾਲ-ਨਾਲ ਰੰਗਾਂ ਦਾ ਵਪਾਰ ਵੀ ਕਰਦੀ ਹੈ। ਰੰਗ ਅਤੇ ਸੁਗੰਧ ਦਾ ਸੁਮੇਲ ਮਨੁੱਖੀ ਮਨ ਤੇ ਬੜਾ ਡੂੰਘਾ ਅਸਰ ਪਾਉਂਦੇ ਹਨ। ਇਹ ਅਸਰ ਅਸਥਾਈ ਨਾ ਹੋ ਕੇ ਚਿਰਕਾਲੀਨ ਹੁੰਦਾ ਹੈ ਤੇ ਕਦੇ-ਕਦੇ ਇਹ ਅਸਰ ਸਦੀਆਂ ਤੀਕ ਆਪਣੇ ਮੌਲਿਕ ਰੂਪ ਵਿਚ ਮੌਜੂਦ ਰਹਿੰਦਾ ਹੈ।

ਗ਼ਜ਼ਲ ਕਾਵਿ ਰਚਨਾ ਦੀ ਸਰਵੋਤਮ ਵਿਧਾ ਮੰਨੀ ਗਈ ਹੈ। ਸਦੀਆਂ ਦਾ ਲੰਮਾ ਪੈਂਡਾ ਤੈਅ ਕਰਕੇ ਗ਼ਜ਼ਲ ਅੱਜ ਜਿਸ ਪੜ੍ਹਾਅ ਤੇ ਆ ਪੁੱਜੀ ਹੈ ਉੱਥੇ ਇਹਦੀ ਰਵਾਇਤੀ ਪੋਸ਼ਾਕ ਵਿਚ ਅੱਛੀ ਖ਼ਾਸੀ ਤਬਦੀਲੀ ਆ ਗਈ ਹੈ। ਹੁਣ ਇਹਦਾ ਲਹਿੰਗਾ ਚੋਲੀ ਆਕਾਸ਼ ਦੇ ਸਿਤਾਰਿਆਂ ਨਾਲ ਨਹੀਂ, ਸਗੋਂ ਧਰਤੀ ਦੀ ਮਿੱਟੀ ਦੇ ਜ਼ੱਰਿਆਂ ਨਾਲ ਸਜਾਇਆ ਜਾ ਰਿਹਾ ਹੈ। ਇਹਦੀ ਅੰਗੀ ਪਹਿਲਾਂ ਨਾਲੋਂ ਢਿੱਲੀ ਸੀਤੀ ਜਾ ਰਹੀ ਹੈ ਤਾਂਕਿ ਇਹਦੇ ਛਲਕਦੇ ਜੋਬਨ ਵਿਚ ਹੋਰ ਲਹਿਰ ਪੈਦਾ ਹੋ ਜਾਏ ਅਤੇ ਇਸ ਦੀ ਮਤਵਾਲੀ ਚਾਲ ਹੋਰ ਨਸ਼ਆਵਰ ਹੋ ਜਾਏ ਤੇ ਇਸਦਾ ਚੰਗਾ ਨਤੀਜਾ ਵੀ ਸਾਡੇ ਸਾਹਮਣੇ ਆ ਰਿਹਾ ਹੈ। ਹੁਣ ਇਸ ਮੋਹਨੀ ਮੁਟਿਆਰ ਦੇ ਰੂਪ ਦਾ ਜਾਦੂ ਪਹਿਲਾਂ ਨਾਲੋਂ ਜ਼ਿਆਦਾ ਅਸਰ ਅੰਦਾਜ਼ ਹੋ ਰਿਹਾ ਹੈ। ਹੁਣ ਇਹ ਮੁਟਿਆਰ ਕਿਸੇ ਕਾਲਪਨਿਕ ਆਕਾਸ਼ ਦੀ ਨਹੀਂ ਸਗੋਂ ਅਪਣੀ ਧਰਤੀ ਦੀ ਪਰੀ ਜਾਪਣ ਲੱਗ ਪਈ ਹੈ।

ਇਹੀ ਕਾਰਨ ਹੈ ਕਿ ਗ਼ਜ਼ਲ ਰੂਪੀ ਇਸ ਮੁਟਿਆਰ ਨੂੰ ਛੂਹਣ, ਇਹਦੇ ਨਾਲ ਬਾਤਾਂ



ਪਾਉਣ ਦੀ ਹੋੜ ਜਿਹੀ ਲੱਗ ਗਈ ਹੈ। ਇਸ ਹੋੜ ਵਿਚ ਭਾਰਤ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਦੇ ਸ਼ਾਇਰ ਆ ਜੁੜੇ ਹਨ। ਇਹ ਇਸ ਰੂਪਸੀ ਦੇ ਰੂਪ ਜੋਬਨ ਦੀ ਜਿੱਤ ਹੀ ਕਹੀ ਜਾ ਸਕਦੀ ਹੈ।

ਉਰਦੂ ਫ਼ਾਰਸੀ ਦੇ ਸ਼ਾਇਰਾਂ ਦੀ ਤਰ੍ਹਾਂ ਹੀ ਪੰਜਾਬੀ ਦੇ ਸ਼ਾਇਰਾਂ ਨੇ ਵੀ ਗ਼ਜ਼ਲ ਨਾਲ ਬਾਤਾਂ ਪਾਉਣ ਲਈ ਇਸਦਾ ਮਿਜ਼ਾਜ ਤੇ ਭਾਸ਼ਾ ਸਮਝਣ ਦਾ ਪੂਰਾ-ਪੂਰਾ ਜਤਨ ਕੀਤਾ ਹੈ। ਇਹਦਾ ਲਹਿੰਗਾ ਚੋਲੀ ਸਿਉਣ ਲਈ ਇਹਦੇ ਸਰੀਰ ਦੀ ਬਣਤਰ ਦੇ ਅਨੁਸਾਰ ਵੇਤਰ ਕਾਤਰ ਕਰਨ ਦੀ ਜਾਚ ਸਿੱਖ ਲਈ ਹੈ। ਇਹੀ ਕਾਰਨ ਹੈ ਕਿ ਪੰਜਾਬੀ ਦੇ ਬਹੁਤੇ ਸ਼ਾਇਰਾਂ ਦੀਆਂ ਗ਼ਜ਼ਲਾਂ ਵਜ਼ਨ ਬਹਿਰ ਦੇ ਪੱਖੋਂ ਮੁਕੰਮਲ ਹਨ। ਤੇ ਜੇ ਕਿਤੇ ਵਜ਼ਨ ਬਹਿਰ ਵਿਚ ਕਮੀ ਲੱਗਦੀ ਹੈ ਤਾਂ ਇਸਦਾ ਕਾਰਨ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੇ ਉਚਾਰਣ ਵਿਚ ਇਕਸੁਰਤਾ ਦੀ ਅਣਹੋਂਦ ਹੈ (ਉਰਦੂ ਭਾਸ਼ਾ ਦੇ ਸ਼ਬਦਾਂ ਦੇ ਉਚਾਰਣ ਵਿਚ ਵੀ ਮਤਭੇਦ ਹਨ।

ਪੰਜਾਬੀ ਗ਼ਜ਼ਲ ਗੋ ਸ਼ਾਇਰਾਂ ਦੀ ਲੰਮੀ ਕਤਾਰ ਵਿਚੋਂ ਵਜ਼ਨ ਬਹਿਰ ਵਿਚ ਸਫ਼ਲ ਸ਼ਾਇਰ ਥੋੜ੍ਹੇ ਹੀ ਹਨ। ਰਾਜਿੰਦਰ ਪਰਦੇਸੀ ਉਹਨਾਂ ਵਿਚੋਂ ਇਕ ਹੈ।

ਮੈਂ ਰਾਜਿੰਦਰ ਪਰਦੇਸੀ ਨੂੰ ਪਿਛਲੇ ਕੁਝ ਸਾਲਾਂ ਤੋਂ ਜਾਣਦਾ ਹਾਂ। ਇਸ ਜਾਣ-ਪਛਾਣ ਦਾ ਆਧਾਰ ਉਸ ਦੀਆਂ ਗ਼ਜ਼ਲਾਂ ਹਨ। ਤੇ ਫਿਰ ਜਾਣ-ਪਛਾਣ ਦਾ ਪੱਕੀ ਪੀਡੀ ਦੋਸਤੀ ਵਿਚ ਬਦਲਣ ਦਾ ਸਿਹਰਾ ਵੀ ਉਸ ਦੀਆਂ ਗ਼ਜ਼ਲਾਂ ਦੇ ਸਿਰ ਬੱਝਦਾ ਹੈ।

ਰਾਜਿੰਦਰ ਪਰਦੇਸੀ ਸਿਰਫ਼ ਗ਼ਜ਼ਲ ਦਾ ਸ਼ਾਇਰ ਹੀ ਨਹੀਂ ਉਹ ਬਹੁਤ ਅੱਛਾ ਗੀਤਕਾਰ ਵੀ ਹੈ। ਮੈਂ ਉਸ ਦੇ ਲਿਖੇ ਹੋਏ ਗੀਤ ਪੜ੍ਹੇ ਹਨ ਅਤੇ ਪੰਜਾਬ ਦੇ ਵਧੀਆ ਗਾਇਕ ਅਤੇ ਗਾਇਕਾਵਾਂ ਦੀ ਆਵਾਜ਼ ਵਿਚ ਰਿਕਾਰਡ ਹੋਏ ਸੁਣੇ ਵੀ ਹਨ। ਉਸਦੇ ਗੀਤ ਪੜ੍ਹਨ ਸੁਨਣ ਤੋਂ ਬਾਅਦ ਇਹ ਫੈਸਲਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਉਹ ਵਧੀਆ ਗ਼ਜ਼ਲਗੋ ਹੈ ਜਾਂ ਵਧੀਆ ਗੀਤਕਾਰ। ਵਜ਼ਨ ਬਹਿਰ ਦੇ ਨਾਲ-ਨਾਲ ਉਹ ਅਰੂਜ਼ (ਕਾਵਿ ਸ਼ਾਸਤਰ) ਦੀਆਂ ਹੋਰ ਗੱਲਾਂ ਵੱਲੋਂ ਪੂਰੀ ਤਰ੍ਹਾਂ ਸੁਚੇਤ ਹੈ। ਉਸਦੇ ਸ਼ੇਅਰਾਂ ਵਿਚ ਗ਼ਜ਼ਲ ਦੇ ਨਾਲ-ਨਾਲ ਜਿੱਦਤ ਵੀ ਹੈ ਤੇ ਇਹ ਜਿੱਦਤ, 'ਜਿੱਦਤ ਬਰਾਏ ਜਿੱਦਤ' ਨਹੀਂ ਸਗੋਂ ਸ਼ੇਅਰ ਦੀ ਲੋੜ ਹੋ ਨਿਬੜਦੀ ਹੈ। ਜਿਵੇਂ:-

**ਮਹਿਕਾਂ ਵਿਚ ਘੁਲ ਮਿਲ ਜਾਣੋਂ ਉਹ ਜਦ ਹੋਏ ਨਾਕਾਮ।**<br>
**ਫੁੱਲਾਂ ਦੇ ਸਿਰ ਖ਼ੁਦਗਰਜ਼ੀ ਦਾ ਮੜ੍ਹ ਦਿੱਤਾ ਇਲਜ਼ਾਮ।**

ਤੇ ਇਹੀ ਤਕਨੀਕ ਰਾਜਿੰਦਰ ਪਰਦੇਸੀ ਦੀ ਕਾਮਯਾਬੀ ਵਿਚ ਸਹਾਈ ਹੁੰਦੀ ਦਿਸਦੀ ਹੈ।

ਗ਼ਜ਼ਲ ਦੀ ਸਿਨਫ਼ ਨੂੰ ਧੁਰ ਹੇਠਲੀਆਂ ਤੈਹਾਂ ਤੱਕ ਫਰੋਲਣ ਵਾਲੇ ਉਸਤਾਦ ਸ਼ਾਇਰਾਂ ਦੇ ਚੰਗੇ ਸ਼ੇਅਰਾਂ ਬਾਰੇ, ਹੋਰਨਾਂ ਗੱਲਾਂ ਤੋਂ ਇਲਾਵਾ, ਇਹ ਗੱਲ ਵੀ ਆਖੀ ਹੈ ਕਿ ਸ਼ੇਅਰ ਨੂੰ ਸਹੀ ਸ਼ਕਲ ਦੇਣ ਵਿਚ ਖ਼ਿਆਲ, ਭਾਸ਼ਾ, ਲਫ਼ਜ਼ਾਂ ਦੀ ਨਸ਼ਿਸਤ ਦੇ ਨਾਲ-ਨਾਲ ਮਿਸਰਾ ਊਲਾ ਵਿਚ ਭੁਲੇਖਾ ਜਿਹਾ (Suspence) ਹੋਣਾ ਚਾਹੀਦਾ ਹੈ ਤੇ ਜਦੋਂ ਮਿਸਰਾ ਸਾਨੀ ਆਵੇ ਤਾਂ ਸ਼ੇਅਰ ਪੜ੍ਹਨ ਸੁਨਣ ਵਾਲਾ ਆਪ ਮੁਹਾਰਾ ਵਾਹ-ਵਾਹ ਕਹਿ ਉੱਠੇ। ਇਸ ਸੰਬੰਧੀ ਰਾਜਿੰਦਰ ਪਰਦੇਸੀ ਦਾ ਇਹ ਸ਼ੇਅਰ ਵੇਖੋ:-

ਕਿੱਕਰ ਪਹਾੜੀ ਭੱਖੜੇ ਥੋਹਰਾਂ ਤੇ ਪੋਹਲੀਆਂ;
ਸੌਂਦਾ ਰਿਹਾ ਹਾਂ ਦੇਖ ਲੈ ਕਿਸ ਕਿਸ ਦੇ ਨਾਲ ਮੈਂ।

ਰਾਜਿੰਦਰ ਪਰਦੇਸੀ ਨੂੰ ਗ਼ਜ਼ਲ ਦੀ ਜ਼ੁਬਾਨ ਵਿਚ ਗੱਲ ਕਰਨੀ ਆਉਂਦੀ ਹੈ। ਉਸ ਦਾ ਹੇਠਲਾ ਸ਼ੇਅਰ ਇਸ ਗੱਲ ਦੀ ਸ਼ਾਹਦੀ ਭਰਦਾ ਹੈ:

ਤੇਰੇ ਨਗਰ 'ਚ ਭਾਵੇਂ ਬੰਦਿਸ਼ ਹੈ ਰੌਸ਼ਨੀ ਤੇ,
ਆਪਾਂ ਤਲੀ ਤੇ ਫਿਰ ਵੀ ਸੂਰਜ ਟਿਕਾ ਰਹੇ ਹਾਂ।

ਰਾਜਿੰਦਰ ਪਰਦੇਸੀ ਦੀ ਸ਼ਾਇਰੀ ਦਾ ਦੂਜਾ ਪਾਸਾ ਪਰਤਣ ਲੱਗਿਆਂ ਮੈਨੂੰ ਰੋਮਾਂਚ ਦਾ ਅਹਿਸਾਸ ਹੋ ਰਿਹਾ ਹੈ। ਉਸ ਦੀ ਸ਼ਾਇਰੀ ਦਾ ਦੂਜਾ ਪਾਸਾ ਉਸ ਦੇ ਗੀਤ ਅਤੇ ਨਜ਼ਮਾਂ ਹਨ। ਰਾਜਿੰਦਰ ਪਰਦੇਸੀ ਦੇ ਗੀਤ ਵਿਸ਼ੇ ਵਸਤੂ ਦੇ ਪੱਖੋਂ ਲੋਕ ਗੀਤਾਂ ਦੀ ਸਫ਼ ਵਿਚ ਖਲੋਤੇ ਦਿਸਦੇ ਹਨ। ਉਹਦੇ ਗੀਤਾਂ ਦੀ ਭਾਸ਼ਾ ਮਲੂਕ ਅਤੇ ਤਰੇਲ ਵਰਗੀ ਸਾਫ਼ ਸੁਥਰੀ ਹੈ। ਜਾਪਦਾ ਹੈ ਗੀਤ ਲਿਖਣ ਤੋਂ ਪਹਿਲਾਂ ਉਹ ਵਜ਼ੂ ਕਰਦਾ ਹੈ ਜਿਵੇਂ ਨਮਾਜ਼ ਅਦਾ ਕਰਨ ਤੋਂ ਪਹਿਲਾਂ ਨਮਾਜ਼ੀ ਲੋਕ ਕਰਦੇ ਹਨ।

ਰਾਜਿੰਦਰ ਪਰਦੇਸੀ ਦੇ ਗੀਤ ਲੋਕ ਗੀਤਾਂ ਦੇ ਨੇੜੇ ਹੁੰਦੇ ਹੋਏ ਵੀ ਸਾਹਿਤਕ ਪੁੱਠ ਨਾਲ ਮਾਲਾ-ਮਾਲ ਹਨ। ਉਸ ਨੇ ਪਿਆਰ, ਵਿਛੋੜਾ, ਨਹੋਰਾ, ਦਰਦ, ਉਮੰਗ ਦੇ ਗੀਤਾਂ ਤੋਂ ਇਲਾਵਾ ਦੇਸ਼ ਪਿਆਰ, ਆਪਸੀ ਏਕਤਾ ਅਤੇ ਸ਼ਹੀਦਾਂ ਬਾਰੇ ਵੀ ਗੀਤ ਲਿਖੇ ਹਨ। ਗੀਤ ਪੜ੍ਹਦਿਆਂ ਸੁਣਦਿਆਂ ਇਹ ਵਿਸ਼ਵਾਸ ਪੱਕਾ ਹੋ ਜਾਂਦਾ ਹੈ ਕਿ ਰਾਜਿੰਦਰ ਪਰਦੇਸੀ ਅਪਣੇ ਲੋੜੀਂਦੇ ਵਿਸ਼ੇ ਨੂੰ ਲਿਖਣ ਲੱਗਿਆਂ, ਆਪਣੇ ਪੂਰੇ ਵਜੂਦ ਨੂੰ ਆਪਣੀ ਆਤਮਾ ਨਾਲ ਇਕ ਸੁਰ ਕਰਕੇ ਲੋੜੀਂਦਾ ਮਾਹੌਲ ਸਿਰਜ ਲੈਣ ਦੀ ਸਮਰੱਥਾ ਰੱਖਦਾ ਹੈ ਤੇ ਇਹ ਵੀ ਇਸ ਦੀ ਕਾਮਯਾਬੀ ਦਾ ਇਕ ਪਹਿਲੂ ਹੈ।

ਰਾਜਿੰਦਰ ਪਰਦੇਸੀ ਨੇ ਜਿੱਥੇ ਖ਼ੂਬਸੂਰਤ ਗ਼ਜ਼ਲਾਂ ਲਿਖੀਆਂ ਹਨ, ਮਿੱਠੇ-ਮਿੱਠੇ ਗੀਤ ਲਿਖੇ ਹਨ। ਉੱਥੇ ਨਵਿਆਂ ਵਿਸ਼ਿਆਂ ਤੇ ਨਜ਼ਮਾਂ ਵੀ ਲਿਖੀਆਂ ਹਨ। ਮੈਂ ਡਾਕਟਰ ਜਗਤਾਰ ਜੀ ਦੀ ਇਸ ਟਿੱਪਣੀ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਜੋ ਉਹਨਾਂ ਨੇ ਰਾਜਿੰਦਰ ਪਰਦੇਸੀ ਦੀ ਕਿਤਾਬ 'ਨਗ਼ਮਾ ਉਦਾਸ ਹੈ', ਵਿਚ ਕੀਤੀ ਹੈ। ਉਹਨਾਂ ਲਿਖਿਆ ਹੈ:-

'ਰਾਜਿੰਦਰ ਪਰਦੇਸੀ ਆਪਣੀ ਢਾਣੀ ਦੇ ਕਵੀਆਂ ਵਿਚੋਂ ਸਿਰਮੌਰ ਤੇ ਪ੍ਰੌੜ੍ਹ ਕਵੀ ਹੈ।'

ਕਈ ਸਾਲਾਂ ਦੀ ਲੰਮੀ ਚੁੱਪ ਤੋਂ ਬਾਅਦ 'ਉਦਰੇਵੇਂ ਦੀ ਬੁੱਕਲ' ਮਾਰੀ ਰਾਜਿੰਦਰ ਪਰਦੇਸੀ ਫਿਰ ਪੰਜਾਬੀ ਮਾਂ ਬੋਲੀ ਦੇ ਬੂਹੇ 'ਤੇ ਆ ਖਲੋਤਾ ਹੈ। ਉਹਦੇ ਹੱਥ ਵਿਚ ਖਾਲੀ ਕਾਸਾ ਹੈ। ਉਹ ਮਾਂ ਬੋਲੀ ਦੇ ਚਰਨਾਂ ਵਿਚ ਅਪਣੀ ਕਈ ਸਾਲਾ ਮਿਹਨਤ ਰੱਖਕੇ ਅਤੇ ਆਪਣਾ ਖਾਲੀ ਕਾਸਾ, ਮਾਂ ਦੀਆਂ ਅਸੀਸਾਂ ਨਾਲ ਭਰਾ ਕੇ, ਅਪਣੀ ਸਾਧਨਾ ਨਗਰੀ ਨੂੰ ਪਰਤ ਜਾਏਗਾ। ਮੇਰਾ ਵਿਸ਼ਵਾਸ ਹੈ ਕਿ ਜਦੋਂ ਰਾਜਿੰਦਰ ਪਰਦੇਸੀ ਮੁੜ ਕੇ ਮਾਂ ਬੋਲੀ ਦੇ ਬੂਹੇ ਤੇ ਸਜਦਾ ਕਰਨ ਆਏਗਾ ਤਾਂ ਉਸਦੇ ਹੱਥਾਂ ਵਿਚਲਾ ਤੋਹਫ਼ਾ ਵੀ ਵੱਡਾ ਹੋਏਗਾ ਅਤੇ ਕਾਸਾ ਵੀ।

'ਸਰਦਾਰ ਪੰਛੀ'

'ਨਸ਼ੇਮਨ'
ਪੰਜਾਬ ਮਾਤਾ ਨਗਰ,
ਲੁਧਿਆਣਾ - 141002



# ਤਤਕਰਾ


1. ਭਾਫ਼ ਬਣ ਗਿਆ ........ 11
2. ਅੰਗਿਆਰ ਖਾ ਰਹੇ ਹਾਂ ........ 12
3. ਆਥਣ ਨੂੰ ........ 14
4. ਗੁਆਚੇ ਗੀਤ ........ 15
5. ਚੰਨਾ ਮੈਂ ਤੇਰੀ ਖ਼ੈਰ ਮੰਗਦੀ ........ 31
6. ਇਹ ਕੇਹੇ ਦਿਨ ਆਏ ........ 32
7. ਏਸ ਜ਼ਿੰਦਗੀ ਦੇ ਨਾਲੋਂ ........ 34
8. ਹਉਕਿਆਂ ਦੀ ਜੂਨ ........ 35
9. ਦਿਨ-ਬ-ਦਿਨ ........ 36
10. ਇਹਨੀਂ ਦਿਨੀਂ ........ 37
11. ਮਾਂ ਦੇ ਨਾਂ ........ 38
12. ਗੀਤ ਲਿਖ ........ 40
13. ਹਵਾ ਹੋ ਗਏ ........ 41
14. ਤੈਨੂੰ ਹਾਸਿਆਂ ਦੀ ਸਹੁੰ ........ 42
15. ਜੋਗੀਆ ਘਰ ਨੂੰ ਫੇਰਾ ਪਾ ........ 44
16. ਪਊਗੀ ਨਿਭਾਉਣੀ ਤੈਨੂੰ ਖੇੜਿਆਂ ਦੇ ਨਾਲ ........ 46
17. ਉਦਰੇਵੇਂ ਦੀ ਬੁੱਕਲ ........ 47
18. ਭੌਣ ਨਿਕਲੇ ........ 48
19. ਕਸਮਾਂ ਤੇ ਆ ਗਿਆ ........ 49
20. ਅੱਜ ਕੱਲ੍ਹ ........ 50
21. ਕੀ ਵਾਕਿਆ ........ 51
22. ਅੱਗ ਪਾਣੀ ਨੂੰ ........ 52
23. ਬਤੰਗੜ ਬਣਾ ਲਿਆ ........ 53
24. ਮੈਂ ਤੇਰੀ ਸਿੱਪੀ ........ 54
25. ਰੂਪ ਡੰਡੀਆਂ 'ਚ ਡੁਲ੍ਹਦਾ ........ 56
26. ਸ਼ਰੀਕਣਾਂ ਨੂੰ ਮੱਚ ਲੈਣ ਦੇ ........ 58
27. ਗੁਜਰੀਏ ........ 60
28. ਮੜ੍ਹ ਦਿੱਤਾ ਇਲਜ਼ਾਮ ........ 61
29. ਕੁਰਬਾਨ ਦੇਸ਼ ਤੋਂ ........ 62

30. ਤਿਰੰਗਾ ........ 63
31. ਵੀਣੀ ਤੇ ਲਿਖਾਈ ਫਿਰਾਂ ਨਾਂ ........ 64
32. ਇਹ ਉਹ ਜਾਣੇ ਜਾਂ ਮੈਂ ਜਾਣਾ ........ 65
33. ਦੀਵੇ ........ 67
34. ਤਾਕੀਦ ਹੈ ........ 68
35. ਆਣਾ ਸੀ ਕਦੇ ........ 70
36. ਜ਼ਿੰਦਗੀ ........ 71
37. ਗਾਏਂਗਾ ਤੂੰ ........ 72
38. ਗਾਏਂਗੀ ਤੂੰ ........ 73
39. ਲੁਕ ਗਈ ਦੀਵਿਆ ਰੌਸ਼ਨੀ ........ 74
40. ਵਾ-ਵਰੋਲੇ ਜੇ ........ 75
41. ਨਗ਼ਮਾ ਸੁਨਾਉਣ ਚੱਲੇ ........ 76
42. ਗਿਰਾਂ ਵੀ ਤੇਰੇ ਨੇ ........ 77
43. ਮੈਨਾ ਦੀ ਪ੍ਰੀਤ ਜੇਹਾ ........ 78
44. ਤੇਰੇ ਤੁਰ ਜਾਣ ਦੇ ਪਿੱਛੋਂ ........ 79
45. ਚਿੰਤਾਵਾਂ ਦੀ ਝੀਲ ........ 80
46. ਹੋ ਗਿਆ ਏ ਚਾਨਣ ........ 81
47. ਤੂੰ ਤੇ ਕਦੇ ਸੋਚਿਆ ਵੀ ਨਹੀਂ ਹੋਣਾ ........ 82
48. ਲੋਰੀ ਦਾ ਗੀਤ ........ 85
49. ਕਬੂਤਰ ........ 87
50. ਸ਼ਾਇਦ ਤੈਨੂੰ ਨਹੀਂ ਪਤਾ ........ 89
51. ਐਨਾ ਕੁ ਨਿੱਘ ਸੀ ........ 92
52. ਸਾਡੀ ਬਾਗਾਂ ਤੇ ਸਰਦਾਰੀ ........ 93
53. ਦਰਦਾਂ ਦੇ ਸੁਲਤਾਨ ........ 94
54. ਪਰਖੇ ਬਾਰਮਬਾਰ ........ 95
55. ਚਿੜੀਆਂ ........ 96




# ਭਾਫ਼ ਬਣ ਗਿਆ

ਕੀਤੀ ਬੜੀ ਗੁਆਚੀਆਂ ਗ਼ਜ਼ਲਾਂ ਦੀ ਭਾਲ ਮੈਂ।
ਰੀਝਾਂ ਨੂੰ ਅੰਤ ਝਾੜਤਾ ਪਤਝੜ ਦੇ ਨਾਲ ਮੈਂ।

ਏਨਾ ਤਪਾਇਆ ਓਸ ਨੇ ਕੇ ਭਾਫ਼ ਬਣ ਗਿਆ,
ਖਾਧੇ ਕਿਸੇ ਦੇ ਇਸ਼ਕ 'ਚ ਐਸੇ ਉਬਾਲ ਮੈਂ।

ਕਿੱਕਰ ਪਹਾੜੀ ਝੱਖੜੇ ਥੋਰ੍ਹਾਂ ਤੇ ਪੋਲ੍ਹੀਆਂ,
ਸੌਂਦਾਂ ਰਿਹਾ ਹਾਂ ਦੇਖ ਲੈ ਕਿਸ ਕਿਸ ਦੇ ਨਾਲ ਮੈਂ।

ਮੂੰਹ ਤੇ ਨਾ ਕਾਲੀ ਲੂੰਈਂ ਸੀ ਹੁਣ ਖਿੜ ਰਹੀ ਕਪਾਹ,
ਗਿਣ ਲੈ ਬਿਤਾਏ ਜਾਗ ਕੇ ਕਿੰਨੇ ਕੁ ਸਾਲ ਮੈਂ।

ਪਲਕਾਂ ਦੇ ਪਾਣੀਆਂ ਵਿਚ ਤੇ ਹਾਸਿਆਂ ਦੇ ਹੇਠ,
ਰੱਖਦਾ ਰਿਹਾਂ ਸੰਭਾਲ ਕੇ ਤੇਰੇ ਖ਼ਿਆਲ ਮੈਂ।

ਪੈਰਾਂ 'ਚ ਪਾ ਕੇ ਬੇੜੀਆਂ ਨੀਂਦਰ ਦੇ ਰਾਤ ਭਰ,
ਸੁਪਨੇ ਅਜੀਬ ਕਿਸਮ ਦੇ ਰੱਖੇ ਸੁਆਲ ਮੈਂ।

ਜੀਵਨ ਦੇ ਸਾਰੇ ਰੰਗ ਹੀ ਬਦਰੰਗ ਹੋ ਗਏ,
ਰੰਗਾਂ ਦੇ ਉਸ ਚਨ੍ਹਾਬ 'ਚ ਮਾਰੀ ਕੀ ਛਾਲ ਮੈਂ।

ਹਸਣਾ ਤੇਰਾ ਅਜੀਬ ਹੈ ਚੁਪ ਵੀ ਤੇਰੀ ਅਜੀਬ,
ਹਰ ਵਕਤ ਤੈਨੂੰ ਵੇਖਿਆ ਬਣਿਆ ਸਵਾਲ ਮੈਂ।

"ਪਰਦੇਸੀਆ" ਤੂੰ ਦੇਸ ਨੂੰ ਕਿਉਂ ਪਰਤਦਾ ਨਹੀਂ?
ਪੁਛਦੇ ਨੇ ਤੇਰੇ ਦੇਸ਼ ਦੇ ਦਿੰਦਾ ਹਾਂ ਟਾਲ ਮੈਂ।

# ਅੰਗਿਆਰ ਖਾ ਰਹੇ ਹਾਂ

ਭੁਖ ਦੀ ਇਹ ਇੰਤਹਾ ਹੈ ਅੰਗਿਆਰ ਖਾ ਰਹੇ ਹਾਂ।
ਸੀਨੇ 'ਚ ਛਾਲਿਆਂ ਦਾ ਸਾਗਰ ਬਣਾ ਰਹੇ ਹਾਂ।

ਛਾ ਚੱਲੀ ਹੈ ਚੁਫ਼ੇਰੇ ਤੇਗੀ ਹਨੇਰ ਗਰਦੀ,
ਤਾਂ ਹੀ ਦੁਪਿਹਰ ਵੇਲੇ ਦੀਵੇ ਜਗਾ ਰਹੇ ਹਾਂ।

ਜਿੰਦੂ ਹੈ ਸੁੱਕ ਚੱਲੀ ਬਰਸਾਤ ਦੇ ਦਿਨਾਂ ਵਿਚ,
ਲੱਗੀ ਹੈ ਔੜ ਏਨੀ ਡੁੱਬਣ ਨੂੰ ਜਾ ਰਹੇ ਹਾਂ।

ਜਮਨਾ ਦਾ ਲਾਲ ਪਾਣੀ ਸਤਿਲੁਜ ਦਾ ਲਾਲ ਪਾਣੀ,
ਦੋਵੇਂ ਹੀ ਵੇਖਦੇ ਹਾਂ ਫਿਰ ਵੀ ਨਹਾ ਰਹੇ ਹਾਂ।

ਚੁਪ ਚਾਪ ਬੈਠ ਯਾ ਫਿਰ ਚੁਪ ਚਾਪ ਤੁਰ ਜਾ ਏਥੋਂ,
ਮਹਿਫ਼ਿਲ ਹੈ ਸ਼ਾਇਰਾਂ ਦੀ ਕਵਿਤਾ ਸੁਣਾ ਰਹੇ ਹਾਂ।

ਸਿਰਨਾਵਿਆਂ ਦਾ ਕੀ ਹੈ ਇਹ ਤਾਂ ਬਦਲ ਨੇ ਜਾਂਦੇ,
ਬਹਿ ਕੇ ਇਹ ਸੋਚ ਲਈਏ ਕਿੱਧਰ ਨੂੰ ਜਾ ਰਹੇ ਹਾਂ।

ਤੇਰੇ ਨਗਰ 'ਚ ਭਾਵੇਂ ਬੰਦਿਸ਼ ਹੈ ਰੌਸ਼ਨੀ ਤੇ,
ਆਪਾਂ ਤਲੀ ਤੇ ਫਿਰ ਵੀ ਸੂਰਜ ਟਿਕਾ ਰਹੇ ਹਾਂ।

ਰੰਗਾਂ ਦੀ ਪ੍ਰੀਤ ਸਾਨੂੰ ਲੈ ਆਈ ਕਿਸ ਪੜਾ ਤੇ,
ਅੱਖੀਆਂ ਨੂੰ ਸੁਪਨਿਆਂ ਦੇ ਠੂਹੇਂ ਲੜਾ ਰਹੇ ਹਾਂ।



ਐਨਾ ਕੁ ਭਾਰ ਹੀ ਨਾ ਘਰ ਨੂੰ ਨਿਘਾਰ ਦੇਵੇ,
ਤਿੜਕੇ ਬਨੇਰਿਆਂ ਤੋਂ ਪੰਛੀ ਉਡਾ ਰਹੇ ਹਾਂ।

ਆਵਾਜ਼ ਆਪਣੀ ਨਾ ਐਵੇਂ ਖ਼ਲਾ 'ਚ ਟੰਗੋ,
ਪਹਿਲਾਂ ਕਰੋ ਇਹ ਨਿਰਣਾ ਕਿਸ ਨੂੰ ਬੁਲਾ ਰਹੇ ਹਾਂ।

"ਪਰਦੇਸੀ" ਜਿਹੜੇ ਹਾਸੇ ਮਹਿਕਾਂ ਖਿਲਾਰਦੇ ਨੇ,
ਉਹਨਾਂ ਹੀ ਹਾਸਿਆਂ ਨੂੰ ਹੰਝੂ ਪਿਲਾ ਰਹੇ ਹਾਂ।

❊❊❊



## ਆਥਣ ਨੂੰ

ਲਹਿੰਦੇ ਵੱਲਿਓਂ ਜਦ ਵੀ ਕੋਈ ਬਦਲੀ ਆਵੇ ਆਥਣ ਨੂੰ।
ਸੂਰਜ ਨਾਲ ਅਸਾਡਾ ਦਿਲ ਵੀ ਡੁਬ-ਡੁਬ ਜਾਵੇ ਆਥਣ ਨੂੰ।

ਦਿਨ ਚੜ੍ਹਦੇ ਵਰਗਾ ਜਦ ਕੋਈ ਨਗ਼ਮਾ ਗਾਵੇ ਆਥਣ ਨੂੰ।
ਵੰਝਲੀ ਵਰਗੇ ਯਾਰ ਦਾ ਚੇਤਾ ਮੁੜ-ਮੁੜ ਆਵੇ ਆਥਣ ਨੂੰ।

ਹਰ ਕੈਦੋਂ ਤੋਂ ਚੋਰੀ ਚੋਰੀ ਜਿਸ ਨੇ ਸੀ ਦਿਲਦਾਰ ਮਿਲਾਉਣਾ,
ਨੀ ਅੱਖੀਓ ਉਹ ਸੁਪਨਾ ਰੁੱਸ ਕੇ ਤੁਰਿਆ ਜਾਵੇ ਆਥਣ ਨੂੰ।

ਡਾਢ੍ਹਾ ਹੀ ਸੋਹਣਾ ਲਗਦਾ ਏ ਇਹ ਵੀ ਤੇਰੇ ਵਾਅਦੇ ਵਾਂਗ,
ਜਦ ਮੇਰਾ ਪਰਛਾਵਾਂ ਲੰਮਾ ਹੁੰਦਾ ਜਾਵੇ ਆਥਣ ਨੂੰ।

ਸਾਰਾ ਦਿਨ ਕਿਰਨਾਂ ਚੋਂ ਕੋਈ ਕਰ-ਕਰ ਕੇ ਜੀਵਨ ਦੀ ਭਾਲ,
ਨਿੱਤ ਕੋਈ ਲਾਟਾਂ ਗਲ ਲਗ-ਲਗ ਮੌਤ ਹੰਢਾਵੇ ਆਥਣ ਨੂੰ।

ਰੁੱਖਾਂ ਦੇ ਪੱਤ ਗਿੱਧਾ ਪਾਉਂਦੇ ਪੌਣਾਂ ਵਿਚ ਸੁਰਤਾਲ ਜਿਹਾ,
ਸਾਡੀ ਬਰਬਾਦੀ ਤੇ ਮੌਸਮ ਜਸ਼ਨ ਮਨਾਵੇ ਆਥਣ ਨੂੰ।

ਮਹਿਫ਼ਿਲ ਤਾਂ ਹੁਣ ਵੀ ਲਗਣੀ ਏ ਹੁਣ ਵੀ ਅਕਸਰ ਹਸਦੇ ਹਾਂ,
ਪਰ ਸਾਥੋਂ ਨਾ ਪਹਿਲਾਂ ਵਾਂਗੂੰ ਹੱਸਿਆ ਜਾਵੇ ਆਥਣ ਨੂੰ।

ਗਿਣਤੀ ਮਿਣਤੀ ਦੇ ਵਿਚ ਅਪਣੀ ਲੰਘਦੀ ਹੈ ਹੁਣ ਸਾਰੀ ਰਾਤ,
ਸਾਡੇ ਵਾਂਗੂੰ ਵੀ ਨਾ ਕੋਈ ਲੁਟਿਆ ਜਾਵੇ ਆਥਣ ਨੂੰ।

ਸਾਰੀ ਰਾਤ ਮਘੇ ਇਹ ਬਸਤੀ ਨਫ਼ਰਤ ਦੇ ਅੰਗਿਆਰਾਂ ਨਾਲ,
ਦੱਸੋ ਕਿੰਜ "ਪਰਦੇਸੀ" ਮੁੜ ਕੇ ਘਰ ਨੂੰ ਆਵੇ ਆਥਣ ਨੂੰ।



## ਗੁਆਚੇ ਗੀਤ

ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

ਪਹਿਲਾ ਗੀਤ
ਮੈਂ ਖ਼ਬਰੇ ਕਿਸ ਦੀ
ਗੁੜ੍ਹਤੀ ਲੈ ਕੇ ਗਾਇਆ
ਚੀਕਾਂ ਵਰਗੇ ਅਰਥ ਸੀ ਉਸ ਦੇ
ਸਾਜ਼ਾਂ ਮੇਚ ਨਾ ਆਇਆ।

ਸੁਣਦੇ ਸਾਰ ਹੀ ਹਉਕਾ ਖ਼ਬਰੇ
ਕਿਉਂ ਭੈੜੀ ਨੇ ਭਰਿਆ।
ਮੇਰਾ ਪਹਿਲਾ ਗੀਤ ਵਿਚਾਰਾ
ਠੰਢੀ ਅੱਗ ਵਿਚ ਸੜਿਆ।
ਫੁੱਲਾਂ ਵਰਗੇ ਗੀਤ ਤੇ ਸਭ ਨੇ,
ਰਲ ਮਿਲ ਹੰਝੂ ਕੇਰੇ।

ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

❊ ❊ ❊

ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।



ਦੂਜਾ ਗੀਤ,
ਜਦੋਂ ਫੁੱਲਝੜੀਆਂ,
ਬਣ-ਬਣ ਕੇ ਮੁਸਕਾਇਆ।
ਕਲੀਆਂ ਵਾਂਗੂ ਮਹਿਕਾਂ ਵੰਡਦਾ,
ਰਹਿੰਦਾ ਸੀ ਨਸ਼ਿਆਇਆ।

ਉਂਜ ਤਾਂ ਭਾਵੇਂ ਸਾਰੇ ਹੀ ਸਨ
ਮਹਿਕਾਂ ਦੇ ਤਿਰਹਾਏ।
ਪਰ ਇਸ ਮਹਿਕ ਦੀ ਹੋਂਦ ਤੋਂ ਸਾਰੇ
ਰਹਿੰਦੇ ਸਨ ਘਬਰਾਏ।
ਮਹਿਕਾਂ ਨੂੰ ਪਾਲਣ ਦੇ ਏਥੇ
ਵਿਰਲੇ ਰੱਖਣ ਜੇਰੇ।

ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

* * *



ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।



ਤੀਜਾ ਗੀਤ,
ਪਛਾਣੇ ਸਭ ਨੂੰ
ਸਭ ਨੂੰ ਪਿਆਰ ਵੰਡਾਵੇ।
ਐਪਰ ਪਿਆਰ ਦੇ ਬਦਲੇ
ਨਫ਼ਰਤ ਦੇ ਹੀ ਫੁੱਟਣ ਲਾਵੇ।

ਦਿਲ ਵਿਚ ਸੋਚਣ ਗੀਤ ਇਹ ਕਿਧਰੇ
ਲੰਮਾ ਨਾ ਹੋ ਜਾਏ।
ਜਾਂ ਸ਼ਬਦਾਂ ਦਾ ਭਾਂਬੜ ਬਣ ਕੇ
ਅੱਗ ਨਾ ਕਿਧਰੇ ਲਾਏ।
ਕਾਂਬੇ ਦੀ ਰੁਤੜੀ ਵੀ ਪਾਵੇ
ਦਿਲ ਨੂੰ ਅੱਗ ਦੇ ਘੇਰੇ।

ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

* * *

ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

ਚੌਥਾ ਗੀਤ
ਮੈਂ ਨਿੱਕੀਆਂ ਨਿੱਕੀਆਂ
ਬੁੱਲ੍ਹੀਆਂ ਤੇ ਜਦ ਧਰਿਆ।
ਝੂਠੇ ਹਾਸੇ ਉਹਲੇ ਸਭ ਨੇ
ਸੱਚਾ ਹਉਕਾ ਭਰਿਆ।
ਹਰ ਹਉਕੇ ਚੋਂ ਗੀਤਾਂ ਦੇ
ਹੰਝੂ ਹੀ ਕਿਰਦੇ ਜਾਪਣ।
ਗੀਤਾਂ ਦੇ ਮਾਪੇ ਹਰ ਵੇਲੇ
ਗੀਤਾਂ ਤਾਈਂ ਮਾਪਣ।
ਸਾਡੇ ਗੀਤਾਂ ਦੇ ਲੇਖੀਂ ਤਾਂ
ਮੁੱਢੋਂ ਘੁੱਪ ਹਨੇਰੇ।



ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

* * *



ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

ਪੰਜਵਾਂ ਗੀਤ,
ਜਦੋਂ ਮੈਂ ਅਪਣੀ
ਉਂਗਲ ਦੇ ਸੰਗ ਲਾਇਆ।
ਤੁਰਨ ਤੋਂ ਪਹਿਲਾਂ ਹੀ ਸਾਜ਼ਾਂ ਦੇ
ਪੈਰੀਂ ਸੰਗਲ ਪਾਇਆ।
ਅੱਲੜ੍ਹ ਗੀਤ ਵਿਚਾਰੇ ਦੀ ਵੀ
ਕੀ ਹੈ ਚਾਰਾਜੋਈ
ਫੁੱਲਾਂ ਵਾਂਗੂੰ ਬਸ ਅਪਣੀ,
ਛਡ ਸਕਦਾ ਹੈ ਖੁਸ਼ਬੋਈ।
ਹੁਣ ਤਾਂ ਮਹਿਕਾਂ ਨੂੰ ਵੀ ਮਾਲੀ,
ਰੱਖਣ ਪਾ ਕੇ ਘੇਰੇ।



ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

* * *

ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

ਛੇਵਾਂ ਗੀਤ,
ਸੁਰਤ ਸੰਭਾਲਣ ਜੋਗਾ
ਜਦ ਵੀ ਹੋਇਆ।
ਪੌਣਾਂ ਦੇ ਗਲ ਲੱਗ ਲੱਗ ਭੇੜਾ
ਹਉਕੇ ਭਰ ਭਰ ਰੋਇਆ।
ਜੀਵਨ ਦੇ ਇਸ ਅੱਲ੍ਹੜਪਣ ਦੇ,
ਕਿਹੜਾ ਗਲ ਲੱਗ ਰੋਏ।
ਕਲੀਆਂ ਦੇ ਹਾਸੇ ਥੋਰ੍ਹਾਂ ਚੋਂ
ਹੰਝੂ ਬਣ-ਬਣ ਚੋਏ।
ਹਾਸੇ ਇਹ ਮਾਸੂਮ ਨੇ ਭਾਵੇਂ
ਰੱਖਣ ਡਾਢ੍ਹੇ ਜੇਰੇ।



ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

* * *



ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

ਸੱਤਵਾਂ ਗੀਤ
ਜਦੋਂ ਮੈਂ ਬਹਿ ਕੇ
ਸੱਤਵੀਂ ਵਾਰੀ ਗਾਇਆ।
ਅਣਗੌਲੇ ਸ਼ਬਦਾਂ ਦਾ ਜੰਗਲ
ਅੱਖੀਆਂ ਮੂਹਰੇ ਛਾਇਆ।
ਹਰ ਟਾਹਣੀ ਦੇ ਪੀਲੇ ਪੱਤੇ,
ਘੋਰ ਉਦਾਸੀ ਛਾਈ।
ਕਲੀਆਂ ਦੇ ਚਿਹਰੇ ਤੇ ਜਾਪੇ,
ਪੀੜ ਗਈ ਚਿਪਕਾਈ।
ਮਹਿਕਾਂ ਲੱਦੇ ਹਾਸੇ ਏਥੇ।
ਭੁੱਬਲ ਦੇ ਵਿਚ ਕੇਰੇ।



ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

* * *

ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

ਅੱਠਵਾਂ ਗੀਤ,
ਮੈਂ ਸਖੀਆਂ ਦੇ
ਝੁਰਮਟ ਵਿਚ ਗਾਣਾ ਚਾਹਿਆ।
ਸਖੀਆਂ ਦੇ ਹੋਠਾਂ ਤੇ ਜੰਦਰੇ
ਵੇਖ ਕੇ ਦਿਲ ਭਰ ਆਇਆ।
ਕਾਲੀ ਧਰਤੀ ਕਾਲੇ ਲੋਕੀਂ
ਕੱਪੜੇ ਸਭ ਤੇ ਰੱਤੇ।
ਦੁਧੀਆ ਗੀਤਾਂ ਦੀ ਦੁਨੀਆਂ
ਇਹਨਾਂ ਵਿਚ ਕੀਕਣ ਵੱਸੇ।
ਪੂਰਨਮਾਸ਼ੀ ਨੂੰ ਵੀ ਏਥੇ
ਹੁੰਦੇ ਘੁੱਪ ਹਨ੍ਹੇਰੇ।



ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

* * *



ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

ਨੌਂਵਾਂ ਗੀਤ
ਜਦੋਂ ਮੈਂ ਅਪਣੇ
ਸਾਜ਼ਾਂ ਤੇ ਸੁਰ ਕੀਤਾ।
ਕੌੜੇ ਸ਼ਬਦਾਂ ਦਾ ਇਕ ਸਾਗਰ
ਘੁੱਟ-ਘੁੱਟ ਕਰਕੇ ਪੀਤਾ।
ਸਾਜ਼ਾਂ ਦੇ ਦਿਲ ਗੋਤੇ ਖਾਧੇ
ਅੱਖੀਆਂ ਭਰ-ਭਰ ਡੁੱਲੀਆਂ।
ਇਸ ਰੁੱਤੇ ਇਸ ਗੀਤ ਤੇ ਕਿੰਨੀਆਂ,
ਗ਼ਰਮ ਹਵਾਵਾਂ ਝੁੱਲੀਆਂ।
ਕੀ ਦੱਸਾਂ ਮੈਂ ਤਖ਼ਤੇ ਓਹਲੇ
ਕਿੰਨੇ ਅੱਥਰ ਕੇਰੇ।



ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

* * *

ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

ਦਸਵਾਂ ਗੀਤ
ਦੁਪੱਟੇ ਦੇ ਲੜ
ਬੰਨ ਕੇ ਗਲ ਨੂੰ ਲਾਇਆ
ਮੈਨੂੰ ਇੰਜ ਲੱਗ ਕਿ ਹੁਣ ਇਹ
ਗੀਤ ਨਾ ਜਾਣਾ ਗਾਇਆ।
ਧੁੱਪਾਂ ਤੋਂ ਡਰਦੀ ਨੇ ਚੰਨ ਦੇ
ਚਾਨਣ ਨਾਲ ਨੁਹਾਇਆ।
ਖ਼ਬਰੇ ਸੂਰਜ ਦਾ ਇਕ ਟੁਕੜਾ
ਕੀਕਣ ਇਸ ਤੱਕ ਆਇਆ।
ਸੁੱਟ ਗਿਆ ਉਹ ਤੱਤੀਆਂ-ਤੱਤੀਆਂ
ਕਿਰਨਾਂ ਚਾਰ ਚੁਫੇਰੇ।



ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

* * *



ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

ਗੀਤ ਗਿਆਰਵਾਂ
ਲੈ ਕੇ ਨੀ ਮੈਂ
ਸੰਗਦੀ ਸੰਗਦੀ ਗਾਵਾਂ।
ਮਰੀਅਮ ਸ਼ਬਦਾਂ ਨੂੰ ਖੰਭ ਲਾਏ
ਅੱਥਰੇ ਅੱਥਰੇ ਚਾਵਾਂ।
ਸ਼ਬਦਾਂ ਦੇ ਪਿੰਡੇ ਤੇ ਲਿਖ ਕੇ,
ਸੱਧਰਾਂ ਦਾ ਸਿਰਨਾਵਾਂ।
ਜੀ ਕਰਦੈ ਦੁਧੀਆ ਗੀਤਾਂ ਨੂੰ
ਸਾਰਾ ਦਰਦ ਪੁਚਾਵਾਂ।
ਪਰ ਏਥੋਂ ਦੇ ਕਾਸਿਦ ਵੀ ਤਾਂ
ਡਾਢ੍ਹੇ ਚੋਰ ਲੁਟੇਰੇ।



ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

* * *

ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

ਗੀਤ ਬਾਰ੍ਹਵਾਂ
ਕੋਇਲ ਦੀ ਆਵਾਜ਼ 'ਚ
ਜਦ ਮੈਂ ਗਾਇਆ।
ਇੰਜ ਲੱਗਾ ਜਿਉਂ ਗੀਤ ਨੂੰ ਲੁੱਟਣ
ਸਾਰਾ ਆਲਮ ਆਇਆ।
ਦਰਦਾਂ ਭਰਿਆ ਗੀਤ ਲੁਕਾ ਕੇ
ਕਿੱਧਰ ਨੂੰ ਤੁਰ ਜਾਵਾਂ।
ਮੈਥੋਂ ਵੀ ਲੰਮਾ ਹੋ ਚੱਲਿਆ
ਹੁਣ ਮੇਰਾ ਪਰਛਾਵਾਂ।
ਗੀਤਾਂ ਦੇ ਅਣਛੱਤੇ ਘਰ ਦੇ
ਬੰਨ੍ਹੇ ਕੌਣ ਬਨੇਰੇ।



ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

* * *



ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

ਗੀਤ ਤੇਹਰਵਾਂ,
ਏਸ ਤਰ੍ਹਾਂ ਬੁੱਲ੍ਹੀਆਂ ਦੇ
ਰੰਗ 'ਚ ਰਲਿਆ।
ਰੰਗਾਂ ਦਾ ਭਾਂਬੜ ਅੱਖੀਆਂ ਵਿਚ
ਲਟ-ਲਟ ਕਰਕੇ ਬਲਿਆ।
ਚੰਚਲ ਗੀਤਾਂ ਦੇ ਸੁਪਨੇ ਮੈਂ
ਜਾਗਦਿਆਂ ਹੀ ਤੱਕਾਂ।
ਜਾਂ ਤੇ ਫਿਰ ਮੈਂ-ਮੈਂ ਨਾ ਰਹਿ ਗਈ
ਜਾਂ ਇਹ ਉਹ ਨਈਂ ਅੱਖਾਂ।
ਦਿਨ ਚੜ੍ਹਦੇ ਖ਼ਾਬਾਂ ਪੰਛੀ
ਬਾਗੀਂ ਜਾਣੇ ਘੇਰੇ।



ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

* * *

ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

ਗੀਤ ਚੌਦਹਵਾਂ,
ਜਦ ਗਲ ਲਾਇਆ
ਭੁੱਬਾਂ ਨਿਕਲ ਗਈਆਂ।
ਕੰਨਾਂ ਵਿਚ ਲੁਕ-ਲੁਕ ਕੇ ਗੱਲਾਂ,
ਕਰਦੀਆਂ ਤੱਕੀਆਂ ਸਈਆਂ।
ਵਿੱਘੇ ਜਿੱਡਾ ਵਿਹੜਾ ਵੀ ਹੁਣ
ਭੀੜਾ-ਭੀੜਾ ਲੱਗੇ।
ਘਰ ਦੇ ਹਰ ਇਕ ਜੀਅ ਨੂੰ
ਹੁਣ ਇਹ ਗੀਤ ਪਰਾਇਆ ਲੱਗੇ।
ਪਰ ਹਰ ਗੀਤ ਹੀ ਕੈਦੀ ਹੋਇਆ
ਜਾਪੇ ਚਾਰ ਚੁਫੇਰੇ।



ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

* * *



ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

ਗੀਤ ਪੰਦਰ੍ਹਵਾਂ
ਜਦ ਮੈਂ ਗਾਇਆ
ਗਈਆਂ ਮੱਚ ਦੁਹਾਈਆਂ।
ਪੀੜਾਂ ਹੀ ਪੀੜਾਂ ਬਾਬਲ ਦੇ
ਚਿਹਰੇ ਤੇ ਉੱਗ ਆਈਆਂ।
ਗੀਤ ਨਦੀ ਦਾ ਫੜ ਕੇ ਮੈਂ
ਕਿਉਂ ਟੋਭੇ ਦੇ ਗਲ ਪਾਵਾਂ।
ਐਪਰ ਪੜ੍ਹ ਵੀ ਤਾਂ ਹੁੰਦਾਂ ਨਈਂ
ਦਰਿਆ ਦਾ ਸਿਰਨਾਵਾਂ।
ਦੁਧੀਆ ਜਿਸਮਾਂ ਦੇ ਸਿਰ ਅੰਦਰ
ਕਾਲੇ ਕਾਲੇ ਘੇਰੇ।



ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

* * *

ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।

ਗੀਤ ਸੋਲ੍ਹਵਾਂ
ਸੁਣ ਕੇ ਮੇਰਾ
ਸੋਚੀਂ ਪੈ ਗਏ ਮਾਪੇ।
ਸਾੜ੍ਹਾਂ ਦੇ ਚੋਰਾਂ ਤੋਂ ਰੱਖੀਏ
ਕਿੱਥੇ ਗੀਤ ਲੁਕਾ ਕੇ।
ਜੇਕਰ ਗੀਤ ਪਰਾਇਆ ਕਰੀਏ
ਤਾਂ ਕਰੀਏ ਕਿਸ ਵਿਹੜੇ।
ਦੰਮਾਂ ਦਾ ਲੋਭੀ ਹਰ ਥਾਂ
ਗੀਤਾਂ ਦਾ ਚੰਮ ਉਧੇੜੇ।
ਬੁੱਕਲ ਦੇ ਵਿਚ ਗੀਤ ਲੁਕਾ ਲਏ
ਕਿਸ ਦੇ ਏਡੇ ਜੇਰੇ।

ਮਾਏ ਨੀ,
ਸੰਗੀਤਕ ਰੁੱਤੇ,
ਗੀਤ ਗੁਆਚੇ ਮੇਰੇ।



***



## ਚੰਨਾ ਮੈਂ ਤੇਰੀ ਖ਼ੈਰ ਮੰਗਦੀ

ਵੇ ਮੈਂ ਲੁਕ ਲੁਕ ਘੋਰ ਹਨ੍ਹੇਰੇ।
ਨਿੱਤ ਸਾਈਂ ਪੀਰ ਦੇ ਡੇਰੇ।
ਚੰਨਾ ਮੈਂ ਤੇਰੀ ਖ਼ੈਰ ਮੰਗਦੀ,
ਖ਼ੈਰ ਮੰਗਦੀ ਮੈਂ ਸ਼ਾਮ- ਸਵੇਰੇ।
ਚੰਨਾ ਮੈਂ ਤੇਰੀ ਖ਼ੈਰ ਮੰਗਦੀ।

ਤੇਰੇ ਹਾਸਿਆਂ ਦੀ ਕਰ ਕਰ ਭਾਲ ਵੇ।
ਸਾਨੂੰ ਰੋਣਾ ਵੀ ਹੋ ਗਿਆ ਮੁਹਾਲ ਵੇ।
ਸਾਥੋਂ ਅੱਖੀਆਂ ਨਾ ਫੇਰ।
ਕਾਹਨੂੰ ਪਾਉਣਾਂ ਏਂ ਹਨ੍ਹੇਰ।
ਸਾਨੂੰ ਪਹਿਲਾਂ ਹੀ ਮੁਸੀਬਤਾਂ ਦੇ ਘੇਰੇ।
ਚੰਨਾ ਮੈਂ ਤੇਰੀ ਖ਼ੈਰ ਮੰਗਦੀ............

ਤੇਰੇ ਨਾਮ ਅਸੀਂ ਕਰ ਬੈਠੇ ਜਿੰਦ ਵੇ।
ਸਾਨੂੰ ਦੁੱਖਾਂ ਦੀ ਨਾ ਪਿੰਜਣੀ 'ਚ ਪਿੰਜ ਵੇ।
ਤੇਰੀ ਗਲੀਆਂ ਦੇ ਕੱਖ।
ਸਾਨੂੰ ਕਦਮਾਂ 'ਚ ਰੱਖ।
ਤੇਰੇ ਕਦਮਾਂ 'ਚ ਸੁੱਖ ਨੇ ਬਥੇਰੇ।
ਚੰਨਾ ਮੈ ਤੇਰੀ ਖ਼ੈਰ ਮੰਗਦੀ............

ਕਦੀ ਬਹਿ ਕੇ "ਪਰਦੇਸੀ" ਸਾਡੇ ਕੋਲ ਵੇ।
ਸਾਡੇ ਸਾਹਾਂ 'ਚ ਸੁਗੰਧੀਆਂ ਤੂੰ ਘੋਲ ਵੇ।
ਵੇ ਕਿੱਥੇ ਲਵਾਂ ਮੈਂ ਲੁਕਾ।
ਇਹ ਮੁਹੱਬਤਾਂ ਦੇ ਚਾਅ।
ਏਥੇ ਚੋਰਾਂ ਤੇ ਉਚੱਕਿਆਂ ਦੇ ਡੇਰੇ।
ਚੰਨਾ ਮੈਂ ਤੇਰੀ ਖ਼ੈਰ ਮੰਗਦੀ............

# ਇਹ ਕੇਹੇ ਦਿਨ ਆਏ।

ਇਹ ਕੇਹੇ ਦਿਨ ਆਏ,
ਵੇ ਸੱਜਣਾ,
ਇਹ ਕੇਹੇ ਦਿਨ ਆਏ।
ਸਾਡੀਆਂ ਬੁੱਲ੍ਹੀਆਂ ਉੱਤੇ ਹਾਸੇ,
ਰਹਿ ਗਏ ਧਰੇ ਧਰਾਏ।

ਉੜ ਗਈਆਂ ਕਲੀਆਂ ਦੀਆਂ ਮਹਿਕਾਂ,
ਉੜ ਗਈਆਂ ਮੁਸਕਾਨਾਂ।
ਹੁਣ ਨਾ ਬਾਗੀਂ ਬੁਲਬੁਲ ਕੋਈ,
ਗਾਉਂਦੀ ਸੁਣੇ ਤਰਾਨਾ।
ਸਿਖ਼ਰ ਦੁਪਿਹਰੇ ਹੀ ਰੁੱਖਾਂ ਦੇ,
ਲੰਮੇ ਹੋ ਗਏ ਸਾਏ।
ਵੇ ਸੱਜਣਾ,
ਇਹ ਕੇਹੇ ਦਿਨ ਆਏ।



ਕਿਸ ਕਿਸ ਤੋਂ ਮੈਂ ਦਰਦ ਲੁਕਾਵਾਂ,
ਕਿਸ ਕਿਸ ਨੂੰ ਮੈਂ ਦੱਸਾਂ।
ਹਉਕੇ ਕਿਰ ਕਿਰ ਪੈਣ ਲਬਾਂ ਚੋਂ
ਭੁਲ ਕੇ ਵੀ ਜਦ ਹੱਸਾਂ।

ਯਾਦਾਂ ਦਾ ਇਕ ਝੱਖੜ
ਤਤੜੀ ਜਿੰਦੂ ਤੇ ਝੁਲ ਜਾਏ
ਵੇ ਸੱਜਣਾ,
ਇਹ ਕੇਹੇ ਦਿਨ ਆਏ।



ਕੀ ਖ਼ਬਰਾਂ ਸਨ ਇਸ਼ਕ ਮੇਰੇ ਦੀ,
ਇਹ ਦੁਰਗੱਤ ਬਣੇਗੀ।
ਏਨਾ ਛੋਟਾ ਜੀਵਨ ਏਨੀ
ਲੰਮੀ ਮੌਤ ਮਿਲੇਗੀ।
ਆ "ਪਰਦੇਸੀ" ਤਪਦਾ ਜੋਬਨ
ਠੰਢੜੀ ਮੌਤ ਹੰਢਾਏ।
ਵੇ ਸੱਜਣਾ,
ਇਹ ਕੇਹੇ ਦਿਨ ਆਏ।

* * *



## ਏਸ ਜ਼ਿੰਦਗੀ ਦੇ ਨਾਲੋਂ

ਏਸ ਜ਼ਿੰਦਗੀ ਦੇ ਨਾਲੋਂ, ਮਰ ਜਾਣਾ ਚੰਨਾ ਚੰਗਾ।
ਇਹਨਾਂ ਥਲਾਂ ਦੇ ਦੁੱਖਾਂ ਤੋਂ ਡੁੱਬ ਜਾਣਾ ਚੰਨਾ ਚੰਗਾ।

ਗਿੱਲੇ ਗੋਹੇ ਵਾਂਗੂ ਧੁਖ਼ ਧੁਖ਼ ਅਉਧ ਜਾਵੇ ਬੀਤੀ।
ਸਾਡੇ ਨੈਣ ਪਥਰਾਏ ਸਾਡੀ ਜੀਭ ਗਈ ਸੀਤੀ।
ਏਸ ਕੌੜੇ ਧੂੰਏਂ ਨਾਲੋਂ ਮੱਚ ਜਾਣਾ ਚੰਨਾ ਚੰਗਾ।
ਇਹਨਾਂ ਥਲਾਂ ਦੇ ਦੁੱਖਾਂ ਤੋਂ ......................

ਚੰਨ ਚਾਨਣੀ 'ਚ ਹੁੰਦੇ ਤਾਰੇ ਤੋੜਨ ਦੇ ਵਾਅਦੇ।
ਜਦੋਂ ਮੱਸਿਆ ਹੈ ਆਉਂਦੀ ਜਾਂਦੇ ਬਦਲ ਇਰਾਦੇ।
ਤੇਰੇ ਵਾਅਦਿਆਂ ਨੂੰ ਹੁਣ ਭੁੱਲ ਜਾਣਾ ਚੰਨਾ ਚੰਗਾ।
ਇਹਨਾਂ ਥਲਾਂ ਦੇ ਦੁੱਖਾਂ ਤੋਂ ......................

ਸਾਡੇ ਉੱਤੇ ਚੰਨਾ ਕਹਿਰ ਤੇਰੇ ਹਾਸਿਆਂ ਨੇ ਢਾਇਆ।
ਏਸ ਅਗਨੀ ਦੀ ਰੁੱਤੇ ਲੜ ਹੰਝੂਆਂ ਦੇ ਲਾਇਆ।
ਹੰਝੂ ਬਣ-ਬਣ ਕੇ ਹੀ ਵਹਿ ਜਾਣਾ ਚੰਨਾ ਚੰਗਾ।
ਇਹਨਾਂ ਥਲਾਂ ਦੇ ਦੁੱਖਾਂ ਤੋਂ ......................

ਉਹੋ ਜਾਮਨੂੰ ਦਾ ਬੂਟਾ ਜਦੋਂ ਅੱਖਾਂ ਸਾਵ੍ਹੇਂ ਆਵੇ।
ਦਾਗ਼ ਜਾਮਨਾਂ ਜਹੇ ਵੇ ਸਾਡੀ ਬੁੱਲ੍ਹੀਆਂ ਤੇ ਪਾਵੇ।
ਹੁਣ ਕਾਲਿਆਂ ਰੰਗਾਂ 'ਚ ਰੰਗ ਜਾਣਾ ਚੰਨਾ ਚੰਗਾ।
ਇਹਨਾਂ ਥਲਾਂ ਦੇ ਦੁੱਖਾਂ ਤੋਂ ......................

ਕਦੀਂ ਨਦੀ ਵਿਚ ਤਾਰੀਆਂ ਨਾ ਲਾਉਂਦੇ ਵੇਖਾ ਵੇਖੀ।
ਪਤਾ ਹੁੰਦਾ ਜੇ ਰਾਜਿੰਦਰ ਹੋ ਜਾਊ ਪਰਦੇਸੀ।
ਕੱਚੇ ਘੜਿਆਂ ਦੇ ਵਾਂਗੂ ਖੁਰ ਜਾਣਾ ਚੰਨਾ ਚੰਗਾ।
ਇਹਨਾਂ ਥਲਾਂ ਦੇ ਦੁੱਖਾਂ ਤੋਂ ......................

❊ ❊ ❊



## ਹਉਕਿਆਂ ਦੀ ਜੂਨ

ਅਸੀਂ ਤਾਂ ਜੀ ਰਹੇ ਹਾਂ ਸ਼ਾਮ ਰੰਗੇ ਹਉਕਿਆਂ ਦੀ ਜੂਨ।
ਮੁਬਾਰਕ ਹੈ ਤੁਹਾਨੂੰ ਦੁੱਧ ਚਿੱਟੇ ਹਾਸਿਆਂ ਦੀ ਜੂਨ।

ਤੁਸੀਂ ਰੰਗਾਂ ਦੇ ਕਾਤਿਲ ਹੋ ਕੇ ਵੀ ਰੰਗਾਂ 'ਚ ਰਹਿੰਦੇ ਹੋ,
ਮਗਰ ਵਰਤਾ ਰਹੇ ਹੋ ਤਿਤਲੀਆਂ ਨੂੰ ਕਾਲਖ਼ਾਂ ਦੀ ਜੂਨ।

ਕਦੀ ਕਲੀਆਂ, ਕਦੀ ਗੇਂਦੇ, ਕਦੀ ਬੈਠਣ ਗੁਲਾਬਾਂ ਕੋਲ,
ਇਹ ਭੌਰੇ ਵੀ ਹੰਢਾਉਂਦੇ ਨੇ ਹਮੇਸ਼ਾਂ ਮੁਖ਼ਬਰਾਂ ਦੀ ਜੂਨ।

ਗਲੀ ਦੇ ਕੂਕਰਾਂ ਨੂੰ ਫੜ ਕੇ ਖੰਭਿਆਂ ਨਾਲ ਲਟਕਾਈਏ,
ਚਲੋ ਕੁਝ ਪਲ ਹੰਢਾ ਕੇ ਵੇਖ ਲਈਏ ਹਾਕਿਮਾਂ ਦੀ ਜੂਨ।

ਕਿਸੇ ਜੰਗਲ 'ਚ ਉੱਗੇ ਘਾਹ 'ਚ ਖਿਲਰੇ ਮਣਕਿਆਂ ਵਰਗੀ,
ਮੇਰੇ ਪੰਜਾਬ ਦੇ ਵਿਚ ਹੈ ਉਦਾਸੇ ਚੋਬਰਾਂ ਦੀ ਜੂਨ।

ਕਦੀ ਖਿੜ-ਖਿੜ ਕੇ ਹਸਦਾ ਹੈ, ਕਦੀ ਫੁੱਟ-ਫੁੱਟ ਕੇ ਰੋਂਦਾ ਹੈ,
ਇਹ ਮੇਰਾ ਸ਼ਹਿਰ ਅੱਜ-ਕੱਲ੍ਹ ਜੀ ਰਿਹਾ ਹੈ ਪਾਗਲਾਂ ਦੀ ਜੂਨ।

ਨਾ ਏਨੀ ਦੂਰ ਤੱਕ ਜਾਈਏ ਕਿ ਜਿੱਥੋਂ ਪਰਤ ਨਾ ਸਕੀਏ,
ਕਿਤੇ "ਪਰਦੇਸੀ" ਬਣ ਕੇ ਲੈ ਨਾ ਬਹੀਏ ਸੁਪਨਿਆਂ ਦੀ ਜੂਨ।

❊ ❊ ❊

# ਦਿਨ-ਬ-ਦਿਨ

ਹਾਦਿਸੇ ਦਰ ਹਾਦਿਸੇ ਅਪਣਾ ਰਹੇ ਹਾਂ ਦਿਨ-ਬ-ਦਿਨ।
ਸਦਮਿਆਂ ਦੀ ਭੀੜ ਨੂੰ ਗਲ ਲਾ ਰਹੇ ਹਾਂ ਦਿਨ-ਬ-ਦਿਨ।

ਦਿਨ-ਬ-ਦਿਨ ਹੀ ਸਾਡਿਆਂ ਸਿਵਿਆਂ 'ਚ ਵੱਜਣ ਤਾੜੀਆਂ,
ਬਹਿ ਘਰੀਂ ਬਸ ਮਰਸੀਏ ਹੀ ਗਾ ਰਹੇ ਹਾਂ ਦਿਨ-ਬ-ਦਿਨ।

ਦਿਨ-ਬ-ਦਿਨ ਅਪਣਾ ਰਹੇ ਹਾਂ ਨੇੜਤਾ ਦੀ ਮੌਤ ਨੂੰ,
ਜ਼ਿੰਦਗੀ ਤੋਂ ਦੂਰ ਹੁੰਦੇ ਜਾ ਰਹੇ ਹਾਂ ਦਿਨ-ਬ-ਦਿਨ।

ਸਹਿਕਦੇ ਜ਼ਖਮਾਂ ਤੇ ਧਰ ਕੇ ਮੋਤੀਏ ਦੇ ਫੁੱਲ ਅਸੀਂ,
ਮਹਿਕਦੇ ਫੁੱਲਾਂ ਨੂੰ ਵੀ ਤੜਫਾ ਰਹੇ ਹਾਂ ਦਿਨ-ਬ-ਦਿਨ।

ਅਪਣੇ ਸਾਹਾਂ 'ਚੋਂ ਧੁਖਦੀ ਪੀੜ ਦਾ ਦਰ ਖੋਲ੍ਹ ਕੇ,
ਛਾਲਿਆਂ ਨੂੰ ਜੀਭ ਤੇ ਅਟਕਾ ਰਹੇ ਹਾਂ ਦਿਨ-ਬ-ਦਿਨ।

ਮੰਗ ਕੇ ਤੱਤੀ ਹਵਾ ਦੇ ਰੂਪ ਤੇ ਰੰਗਾਂ ਦੀ ਖ਼ੈਰ,
ਰਾਂਗਲੇ ਮੌਸਮ ਨੂੰ ਲਾਂਬੂ ਲਾ ਰਹੇ ਹਾਂ ਦਿਨ-ਬ-ਦਿਨ।

ਵਧ ਰਹੀ ਅਪਣੇ ਚੁਫੇਰੇ ਮਾਤਮੀ ਰਾਗਾਂ ਦੀ ਭੀੜ,
ਗੀਤ "ਪਰਦੇਸੀ" ਇਹ ਕੈਸੇ ਗਾ ਰਹੇ ਹਾਂ ਦਿਨ-ਬ-ਦਿਨ।

❊❊❊



# ਇਹਨੀ ਦਿਨੀਂ

ਹੁਸਨ ਹੈ ਨਾ ਪਿਆਰ ਹੈ ਇਹਨੀ ਦਿਨੀਂ।
ਜ਼ਿੰਦਗੀ ਦੁਸ਼ਵਾਰ ਹੈ ਇਹਨੀ ਦਿਨੀਂ।

ਰੋਜ਼ ਗੀਤਾਂ ਦਾ ਲਹੂ ਪੀਂਦੀ ਹੈ ਇਹ,
ਖੁਸ਼ ਬਹੁਤ ਤਲਵਾਰ ਹੈ ਇਹਨੀ ਦਿਨੀਂ।

ਗ਼ਮ ਗੁਫ਼ਾ, ਦਰਦਾਂ ਦੇ ਦਰ, ਚੀਸਾਂ ਦੀ ਛੱਤ,
ਆਪਣਾ ਘਰ-ਬਾਰ ਹੈ ਇਹਨੀ ਦਿਨੀਂ।

ਹਾਸਿਆਂ ਤੇ ਰੋਣ ਤੇ ਪਾਬੰਦੀਆਂ,
ਆਪਣੀ ਸਰਕਾਰ ਹੈ ਇਹਨੀ ਦਿਨੀਂ।

ਦਰਦ ਦੁਨੀਆਂ ਭਰ ਦਾ ਕੱਠਾ ਕਰ ਰਿਹਾਂ,
ਖੂਬ ਕਾਰੋਬਾਰ ਹੈ ਇਹਨੀ ਦਿਨੀਂ।

ਖਾਹਿਸ਼ਾਂ ਨੇ ਖੁਦਕੁਸ਼ੀ ਹੈ ਕਰ ਲਈ,
ਮੌਤ ਦਾ ਸੰਸਾਰ ਹੈ ਇਹਨੀ ਦਿਨੀਂ।

ਆਪਣੇ ਦਿਲ ਦੀ ਕਰੇ ਮਨ ਦੀ ਕਹੇ,
ਕਿਸ ਨੂੰ ਅਖਤੀਆਰ ਹੈ ਇਹਨੀ ਦਿਨੀਂ।

ਰਾਤ ਦਿਨ ਡਰ ਜ਼ਿੰਦਗੀ ਨੂੰ ਹੈ ਮੇਰਾ,
ਮੌਤ ਨੂੰ ਹੰਕਾਰ ਹੈ ਇਹਨੀ ਦਿਨੀਂ।

ਕੌਣ "ਪਰਦੇਸੀ" ਕਰੇ ਤੇਰਾ ਯਕੀਨ,
ਕੀ ਤੇਰਾ ਇਤਬਾਰ ਹੈ ਇਹਨੀ ਦਿਨੀਂ।

# ਮਾਂ ਦੇ ਨਾਂ

ਅਸੀਂ ਤਾਂ ਉਮਰ ਭਰ ਦਰਦਾਂ 'ਚ ਘਿਰਿਆ ਵੇਖਿਆ ਤੈਨੂੰ।
ਨਾ ਨਿਕਲੀ ਦਰਦ ਅਪਣੇ 'ਚੋਂ ਬੜਾ ਹੀ ਕੱਢਿਆ ਤੈਨੂੰ।

ਤੂੰ ਦੇਵੀ ਸੈਂ ਤੇ ਦੇਵੀ ਵੀ ਸੈਂ ਅਕਸਰ ਦੇਵੀਆਂ ਦੀ ਤੂੰ,
ਮੁਕੱਦਰ ਕੀ ਤੇਰਾ, ਮਿਲਿਆ ਜੋ ਐਸਾ ਦੇਵਤਾ ਤੈਨੂੰ।

ਇਹ ਤੇਰੇ ਚਾਰ ਥੰਮਾਂ ਵਿਚ ਤਰੇੜਾਂ ਹੀ ਤਰੇੜਾਂ ਸਨ,
ਨੀ ਛੱਤੇ ਕਿਸ ਤਰ੍ਹਾਂ ਜਾਣਾ ਸੀ ਡਿਗਣੋਂ ਰੋਕਿਆ ਤੈਨੂੰ।

ਮੁਕੱਦਰ ਸੀ ਤੇਰਾ ਅਪਣਾ, ਚਮਨ ਦੀ ਬਦ-ਨਸੀਬੀ ਜਾਂ,
ਬਹਾਰਾਂ ਨੇ ਤਾਂ ਫੜ੍ਹ-ਫੜ੍ਹ ਕੇ ਬੜਾ ਹੀ ਰੋਕਿਆ ਤੈਨੂੰ।

ਤੂੰ ਇਸ ਰੰਗਾਂ ਦੀ ਬਸਤੀ ਵਿਚ ਖਿਲਾਰੇ ਚਾਰ ਰੰਗ ਅਪਣੇ,
ਵਿਦਾ ਹੋਈਓਂ ਤਾਂ ਮਿਲਿਆ ਮੁੱਲ ਤਾਂ ਬੱਸ ਇਕ ਦਾ ਤੈਨੂੰ।

ਤੇਰੇ ਤੁਰ ਜਾਣ ਦਾ ਤਾਂ ਬੋਝ ਦਿਲ ਉੱਤੇ ਨਹੀਂ ਏਨਾ,
ਕਿ ਹੈ ਅਫ਼ਸੋਸ ਜਿਨਾ, ਕਿਸ ਤਰ੍ਹਾਂ ਹੈ ਤੋਰਿਆ ਤੈਨੂੰ।

ਸੁਗੰਧੀ ਦੂਰ ਤੱਕ ਤੇਰੇ ਚੁਹਾਂ ਬਾਗਾਂ 'ਚੋਂ ਜਾਵੇਗੀ,
ਇਹ ਤਰਸੇਗਾ ਮਗਰ ਪਲ ਪਲ ਸੁਗੰਧਤ ਕਾਫ਼ਿਲਾ ਤੈਨੂੰ।

ਖ਼ੁਦਾ ਦਾ ਕਹਿਰ ਕਹੀਏ ਜਾਂ ਇਹ ਕਿਸਮਤ ਆਪਣੀ ਕਹੀਏ,
ਸਮਝ ਵਿਚ ਹੀ ਨਹੀਂ ਆਉਂਦਾ ਕਿ ਕਹੀਏ "ਮਾਂ" ਜਾਂ ਕਹੀਏ ਹਾਦਸਾ ਤੈਨੂੰ।



ਤੂੰ ਬਰਫ਼ੀਲੇ ਜਿਹੇ ਜੀਵਨ 'ਚ ਸਨ ਅੰਗਿਆਰ ਹੰਢਾਏ,
ਤੇ ਕਿਉਂ ਨਾ ਉਮਰ ਭਰ ਦਾ ਆਖੀਏ ਧੁਖਦਾ ਸਿਵਾ ਤੈਨੂੰ।

ਉਹ ਕੀਰਤਪੁਰ ਰਹੂ ਚੇਤੇ ਕਦੀ ਜੋ ਮੈਂ ਤੇ ਭੂਰੀ ਨੇ,
ਤਿਰੇ ਫੁੱਲਾਂ ਨੂੰ ਛੋਹ ਮੱਥਾ ਕਿਹਾ ਸੀ ਅਲਵਿਦਾ ਤੈਨੂੰ।

ਨਾ "ਪਰਦੇਸੀ" ਕਦੀ ਬਿੱਲੂ ਕਹਾਏਂਗਾ ਕਿਸੇ ਤੋਂ ਹੁਣ,
ਨਾ ਕੋਈ ਹੁਣ ਕਹੇਗਾ ਜ਼ੋਰ ਲਾ ਕੇ ਮੂਰਖਾ ਤੈਨੂੰ।

* * *



## ਗੀਤ ਲਿਖ

ਜੇ ਲਿਖੇਂ ਤਾਂ ਯੋਧਿਆਂ ਦੇ ਗੀਤ ਲਿਖ।
ਕਤਲ ਹੁੰਦੀਆਂ ਧੜਕਣਾਂ ਦੇ ਗੀਤ ਲਿਖ।

ਗਰਮੀਆਂ ਤਾਂ ਫੂਕਣਾ ਹੈ ਤਨ ਬਦਨ,
ਧੁੰਦ ਭਿੱਜੀਆਂ ਸਰਦੀਆਂ ਦੇ ਗੀਤ ਲਿਖ।

ਰੋਜ਼ ਜੋ ਪੱਛਮ 'ਚ ਜਾ ਕੇ ਡੁੱਬ ਜਾਣ
ਨਾ ਅਜੇਹੇ ਸੂਰਜਾਂ ਦੇ ਗੀਤ ਲਿਖ।

ਹੁਸਨ ਦੀ ਪੂਜਾ ਦੀ ਵੀ ਲਿਖ ਆਰਤੀ,
ਇਸ਼ਕ ਵਿਚ ਵੀ ਫ਼ਾਕਿਆਂ ਦੇ ਗੀਤ ਲਿਖ।

ਜੋ ਕਦੀ ਕੀਤੇ ਸੀ ਸਾਡੇ ਨਾਲ ਉਸ,
ਕਾਗ਼ਜ਼ੀ ਉਹ ਵਾਅਦਿਆਂ ਦੇ ਗੀਤ ਲਿਖ।

ਬਾਗ ਸਾਰਾ ਠੂੰਗ ਕੇ ਜੋ ਉਡ਼ ਗਏ,
ਚਲ ਅਜੇਹੇ ਤੋਤਿਆਂ ਦੇ ਗੀਤ ਲਿਖ।

ਮਰਸੀਏ ਵੀ ਲਿਖਣੇ ਪੈਂਦੇ ਨੇ ਜ਼ਰੂਰ,
ਪਰ ਕਦੀਂ ਤਾਂ ਹਾਸਿਆਂ ਦੇ ਗੀਤ ਲਿਖ।

ਪੂਰ ਨੂੰ ਤੂਫ਼ਾਨ ਚੋਂ ਜਿਸ ਕੱਢਿਆ,
ਉਸ ਬਹਾਦਰ ਨਾ-ਖ਼ੁਦਾ ਦੇ ਗੀਤ ਲਿਖ।

ਦਰਦ "ਪਰਦੇਸੀ" ਨੂੰ ਦੇ ਕੇ ਉਮਰ ਦਾ,
ਆਖਦੇ ਹੋ ਨਾ ਗ਼ਮਾਂ ਦੇ ਗੀਤ ਲਿਖ.



## ਹਵਾ ਹੋ ਗਏ

ਜ਼ਖ਼ਮ ਦਿਲ ਦੇ ਵਿਖਾ ਹੋ ਗਏ।
ਯਾਰ ਵਿਹੰਦੇ ਹਵਾ ਹੋ ਗਏ।

ਯਾਦ ਉਹਨਾਂ ਨੂੰ ਕਰਦਾ ਏ ਕੌਣ,
ਜਿਹੜੇ ਵਾਅਦੇ ਵਫ਼ਾ ਹੋ ਗਏ।

ਕਾਗ ਦਿੰਦੇ ਸੁਨੇਹਾ ਕਿਵੇਂ?
ਬੈਠਦੇ ਹੀ ਉਡਾ ਹੋ ਗਏ।

ਇਸ ਚਮਨ 'ਚੋਂ ਮੁਹੱਬਤ ਦੇ ਗੀਤ,
ਬੁਲਬੁਲਾਂ ਤੋਂ ਲੁਟਾ ਹੋ ਗਏ।

ਬੇ-ਸਹਾਰੇ ਜਹੇ ਲੋਕ ਹੀ,
ਆਪਣਾ ਆਸਰਾ ਹੋ ਗਏ।

ਨਾ ਦਵਾ ਹੈ ਤੇ ਨਾ ਹੀ ਦੁਆ,
ਜ਼ਖ਼ਮ ਹੀ ਬੇ-ਮਜ਼ਾ ਹੋ ਗਏ।

ਨਾ ਦਿਸੇ ਨਾ ਹੀ ਸੁਣਦੇ ਨੇ ਹੂਕ,
ਕਿਸ ਤਰ੍ਹਾਂ ਦੇ ਖ਼ੁਦਾ ਹੋ ਗਏ।

ਚੋਗ ਧਰਤੀ ਦਾ ਅਰਸ਼ਾਂ ਦੀ ਪ੍ਰੀਤ,
ਪੰਛੀਆਂ ਦੇ ਸੁਭਾਅ ਹੋ ਗਏ।

ਗੀਤ "ਪਰਦੇਸੀ" ਜੋ ਤੂੰ ਲਿਖੇ,
ਦੋਸਤਾਂ ਦਾ ਗਿਲਾ ਹੋ ਗਏ।

# ਤੈਨੂੰ ਹਾਸਿਆਂ ਦੀ ਸਹੁੰ

ਸਾਨੂੰ ਹੱਸ ਕੇ ਵਿਖਾ ਦੇ,
ਤੈਨੂੰ ਹਾਸਿਆਂ ਦੀ ਸਹੁੰ।
ਰੱਤਾ ਘੁੰਡ ਸਰਕਾ ਦੇ,
ਤੈਨੂੰ ਹਾਸਿਆਂ ਦੀ ਸਹੁੰ।
ਚੰਨ ਚਾਨਣੀ ਦੀ ਸਹੁੰ,
ਸਾਨੂੰ ਤਾਰਿਆਂ ਦੀ ਸਹੁੰ।
ਤੇਰੇ ਲੌਂਗ ਵਿੱਚੋਂ ਪੈਂਦੇ,
ਲਿਸ਼ਕਾਰਿਆਂ ਦੀ ਸਹੁੰ।
ਤੇਰੇ ਨੈਣਾਂ ਦਾ ਹੈ ਜਦ ਤੋਂ,
ਦੀਦਾਰ ਹੋ ਗਿਆ।
ਸਾਨੂੰ ਦੋਖੀਆਂ ਦੇ ਨਾਲ
ਵੀ ਹੈ ਪਿਆਰ ਹੋ ਗਿਆ।
ਬੰਦ ਬੂਹੇ ਖੜਕਾ ਦੇ,
ਤੈਨੂੰ ਵਾਸਿਆਂ ਦੀ ਸਹੁੰ।
ਸਾਨੂੰ ਹੱਸ ਕੇ ਵਿਖਾ ਦੇ,
ਤੈਨੂੰ ਹਾਸਿਆਂ ਦੀ ਸਹੁੰ।
ਤੇਰੀ ਚੁੱਪ ਨੇ ਹੈ ਕੀਤੀ,
ਸਾਡੀ ਮੁੱਠੀ ਵਿਚ ਜਾਨ।
ਗੀਤ ਹਉਕਿਆਂ ਦੇ ਸਾਗਰਾਂ 'ਚ,
ਡੁੱਬ ਡੁੱਬ ਜਾਣ।
ਸਾਡੀ ਜਿੰਦ ਨੂੰ ਬਚਾ ਲੈ,
ਸਾਡੇ ਗੀਤਾਂ ਨੂੰ ਬਚਾ ਲੈ।
ਇਹਨਾਂ ਡੁੱਬ-ਡੁੱਬ ਜਾਂਦੀਆਂ,
ਪ੍ਰੀਤਾਂ ਨੂੰ ਬਚਾ ਲੈ।



ਕੇਰਾ ਵੰਗਾਂ ਛਣਕਾ ਦੇ,
ਤੈਨੂੰ ਵੀਣੀਆਂ ਦੀ ਸਹੁੰ।
ਰੱਤਾ ਘੁੰਢ ਸਰਕਾ ਦੇ,
ਤੈਨੂੰ ਅੱਖੀਆਂ ਦੀ ਸਹੁੰ।
ਸਾਨੂੰ ਸਿਹਰਿਆਂ ਦੀ ਸਹੁੰ,
ਤੇਰੇ ਰਹਾਂਗੇ ਮੁਰੀਦ।
ਤੈਨੂੰ ਗਾਨਿਆਂ ਦੀ ਸਹੁੰ,
ਸਾਡਾ ਬਣ ਜੀਂ ਨਸੀਬ।
ਖਿੜੀ ਰਹੇ "ਪਰਦੇਸੀ"
ਸ਼ਾਲਾ ਦਿਲਾਂ ਦੀ ਉਮੰਗ।
ਸਾਡੇ ਹਾਸਿਆਂ ਦੇ ਰੰਗ,
ਨਾ ਇਹ ਹੋਣ ਬਦਰੰਗ।
ਤੈਨੂੰ ਤੇਰੇ ਉੱਤੋਂ ਵਾਰਿਆਂ,
ਪਤਾਸਿਆਂ ਦੀ ਸਹੁੰ।
ਸਾਨੂੰ ਹੱਸ ਕੇ ਵਿਖਾ ਦੇ,
ਤੈਨੂੰ ਹਾਸਿਆਂ ਦੀ ਸਹੁੰ।
ਰੱਤਾ ਘੁੰਢ ਸਰਕਾ ਦੇ,
ਤੈਨੂੰ ਅੱਖੀਆਂ ਦੀ ਸਹੁੰ।

❊ ❊ ❊

# ਜੋਗੀਆ ਘਰ ਨੂੰ ਫੇਰਾ ਪਾ

ਘਰ ਨੂੰ ਫੇਰਾ ਪਾ
ਜੋਗੀਆ,
ਘਰ ਨੂੰ ਫੇਰਾ ਪਾ
ਲੱਗੇ ਭਰਨ ਉਡਾਰੀ ਸਾਡੇ
ਤਿੱਤਰ ਖੰਭੇ ਚਾਅ
ਜੋਗੀਆ,
ਘਰ ਨੂੰ ਫੇਰਾ ਪਾ।

ਜੀ ਕਰਦਾ ਏ ਬੱਦਲਾਂ ਦੇ ਗਲ
ਬਾਹਾਂ ਪਾ-ਪਾ ਨੱਚੀਏ।
ਪੌਣਾਂ ਦੇ ਵਿਚ ਘੁਲ-ਮਿਲ ਜਾਈਏ
ਮਹਿਕਾਂ ਦੇ ਵਿਚ ਵੱਸੀਏ।
ਸ਼ੀਸ਼ੇ ਮੂਹਰੇ ਖੜ੍ਹ ਕੇ ਹੁਣ ਤਾਂ
ਪੈਂਦੇ ਹਾਂ ਸ਼ਰਮਾ।
ਜੋਗੀਆ,
ਘਰ ਨੂੰ ਫੇਰਾ ਪਾ।

ਤੇਰੀਆਂ ਯਾਦਾਂ ਤੇਰੇ ਵਾਅਦੇ,
ਬੁੱਕਲ ਵਿਚ ਲੁਕੋ ਕੇ।
ਅੱਖੀਆਂ ਨੂੰ ਬੰਦ ਕਰ ਲੈਂਦੇ ਹਾਂ,
ਹੰਝੂਆਂ ਵਿਚ ਡੁਬੋ ਕੇ।
ਕਿਸ ਨਾਗਿਨ ਨੇ ਤੇਰੇ ਉੱਤੇ
ਲਿੱਤਾ ਪੱਟੂ ਪਾ।
ਜੋਗੀਆ,
ਘਰ ਨੂੰ ਫੇਰਾ ਪਾ।



ਰਾਤਾਂ ਤੋਂ ਦਿਨ ਵੱਡੇ ਜਾਪਣ
ਦਿਨ ਤੋਂ ਲੰਮੀਆਂ ਰਾਤਾਂ।
ਜੇਠ ਹਾੜ੍ਹ ਤਪਦਿਆਂ ਨੂੰ ਲੰਘੇ
ਤਪਦਿਆਂ ਹੀ ਬਰਸਾਤਾਂ।
ਰਾਤ ਚਾਨਣੀ ਵੀ ਹੁਣ ਜਾਪੇ
ਅਗਨੀ ਦਾ ਦਰਿਆ।
ਜੋਗੀਆ,
ਘਰ ਨੂੰ ਫੇਰਾ ਪਾ।

ਬੱਦਲੀ ਦੇ ਸੰਗ ਚੰਨ ਦੀ,
ਲੁੱਕਣ ਮੀਟੀ ਤਕ ਸ਼ਰਮਾਈਏ।
ਇਹ ਨਾ ਹੋਵੇ ਹਉਕੇ ਭਰ-ਭਰ
ਦਿਨ ਚੜ੍ਹਦੇ ਮਰ ਜਾਈਏ।
"ਪਰਦੇਸੀ" ਹੁਣ ਸਬਰ ਅਸਾਂ ਦਾ
ਹੋਰ ਨਹੀਂ ਅਜ਼ਮਾ।
ਜੋਗੀਆ,
ਘਰ ਨੂੰ ਫੇਰਾ ਪਾ।

***



# ਪਊਗੀ ਨਿਭਾਉਣੀ ਤੈਨੂੰ ਖੇੜਿਆਂ ਦੇ ਨਾਲ

ਅੱਜ ਬੰਨ ਦਿੱਤਾ ਤੈਨੂੰ ਚੌਹਾਂ ਗੇੜਿਆਂ ਦੇ ਨਾਲ।
ਹੁਣ ਪਊਗੀ ਨਿਭਾਉਣੀ ਹੀਰੇ ਖੇੜਿਆਂ ਦੇ ਨਾਲ।
ਚਾਹੀਦੀ ਵੀ ਹੈ ਨਿਭਾਉਣੀ ਤੈਨੂੰ ਖੇੜਿਆਂ ਦੇ ਨਾਲ।

ਝੂਠੇ ਚੱਪੂਆਂ ਨੇ ਨਹੀਓਂ ਸਾਨੂੰ ਪਾਰ ਕਰਨਾ।
ਫੇਰ ਮਿਲਣੇ ਦਾ ਨਹੀਓਂ ਇਕਰਾਰ ਕਰਨਾ।
ਕਾਹਨੂੰ ਗਲ ਲੱਗ ਰੋਈਏ ਟੁੱਟੇ ਬੇੜਿਆਂ ਦੇ ਨਾਲ।
ਹੁਣ ਪਊਗੀ ਨਿਭਾਉਣੀ ਹੀਰੇ ਖੇੜਿਆਂ ਦੇ ਨਾਲ।
ਚਾਹੀਦੀ ਵੀ ਹੈ ਨਿਭਾਉਣੀ ਤੈਨੂੰ ਖੇੜਿਆਂ ਦੇ ਨਾਲ।

ਹੀਰੇ ਝੰਗ ਦਾ ਸਿਆਲਾਂ ਦਾ ਵੀ ਕੋਈ ਦੀਨ ਨਾ।
ਕੋਈ ਤਖ਼ਤ ਹਜ਼ਾਰੇ ਉੱਤੇ ਵੀ ਯਕੀਨ ਨਾ।
ਦੋਸ਼ ਕੈਦੋ ਦਾ ਵੀ ਕੀ ਹੈ ਇਹਨਾਂ ਝੇੜਿਆਂ ਦੇ ਨਾਲ।
ਹੁਣ ਪਊਗੀ ਨਿਭਾਉਣੀ ਹੀਰੇ ਖੇੜਿਆਂ ਦੇ ਨਾਲ।
ਚਾਹੀਦੀ ਵੀ ਹੈ ਨਿਭਾਉਣੀ ਤੈਨੂੰ ਖੇੜਿਆਂ ਦੇ ਨਾਲ।

ਇਹਦੇ ਵਿਚ ਖੇੜਿਆਂ ਦਾ ਰਤਾ ਭਰ ਨਾ ਕਸੂਰ।
ਤੇਰੇ ਮਾਪਿਆਂ ਨੇ ਕੀਤਾ ਹੀਰੇ ਸਾਨੂੰ ਦੂਰ-ਦੂਰ।
ਚਲ ਰਿੜ ਪਈਏ ਹਿਜਰਾਂ ਦੇ ਰੇੜ੍ਹਿਆਂ ਦੇ ਨਾਲ।
ਹੁਣ ਪਊਗੀ ਨਿਭਾਉਣੀ ਹੀਰੇ ਖੇੜਿਆਂ ਦੇ ਨਾਲ।
ਚੰਗਾ ਹੈ ਤੂੰ ਨਿਭਾਵੇਂ ਹੀਰੇ ਖੇੜਿਆਂ ਦੇ ਨਾਲ।

ਭਲਾ ਦੋਹਾਂ ਦਾ ਹੈ ਇਕ ਦੂਸਰੇ ਨੂੰ ਭੁੱਲ ਜਾਈਏ।
ਆਪੋ ਅਪਣੇ ਘਰਾਂ 'ਚ ਬਹਿ ਕੇ ਫ਼ਰਜ਼ ਨਿਭਾਈਏ।
ਢੋਈਏ "ਪਰਦੇਸੀ ਉਮਰਾਂ ਕਿਉਂ ਮਿਹਣਿਆਂ ਦੇ ਨਾਲ।
ਹੀਰੇ ਪਊਗੀ ਨਿਭਾਉਣੀ ਤੈਨੂੰ ਖੇੜਿਆਂ ਦੇ ਨਾਲ।
ਚਾਹੀਦੀ ਵੀ ਹੈ ਨਿਭਾਉਣੀ ਤੈਨੂੰ ਖੇੜਿਆਂ ਦੇ ਨਾਲ।



# ਉਦਰੇਵੇਂ ਦੀ ਬੁੱਕਲ

ਉਦਰੇਵੇਂ ਦੀ ਬੁੱਕਲ ਮਾਰੀ ਸੀ ਉਹ ਬਹੁਤ ਉਦਾਸ।
ਚੁੱਪ ਕਰਕੇ ਮੈਂ ਵੀ ਜਾ ਬੈਠਾ ਉਸ ਪੰਛੀ ਦੇ ਪਾਸ।

ਲੰਮੀ ਖ਼ਾਮੋਸ਼ੀ ਦੇ ਪਿੱਛੋਂ ਦੋਵੇਂ ਕੂਕ ਪਏ,
ਚਾਂਦੀ ਰੰਗੀ ਝੀਲ 'ਚ ਡੁੱਬ ਕੇ ਗਾਈਏ ਪਿਆਸ-ਪਿਆਸ।

ਚਲ ਫਿਰ ਮੁੜ ਕੇ ਲੁੱਡੀ ਪਾਈਏ ਕਰੀਏ ਬਚਪਨ ਯਾਦ,
ਅਪਣੇ ਚਾਵਾਂ ਸੱਧਰਾਂ ਦਾ ਹੁਣ ਮੁੱਕ ਗਿਆ ਬਨਵਾਸ।

ਤੂੰ ਸਾਵਣ ਦੀ ਪੌਣ ਜਿਹੀ ਤੇ ਮੈਂ ਬਦਲੋਟੀ ਜਾਇਆ,
ਮਚਦੇ ਮੌਸਮ ਤੇ ਚਲ ਕਰੀਏ ਬਰਫ਼ਾਨੀ ਬਰਸਾਤ।

ਭਾਵੇਂ ਸਾਰੀ ਰਾਤ ਹੀ ਚਾਨਣ ਕਮਰੇ ਵਿਚ ਨਾ ਵੜਿਆ,
ਦਿਨ ਚੜ੍ਹਦੇ ਤੱਕ ਜਿੰਦਾ ਸੀ ਪਰ ਜਗਦੀ ਬੁਝਦੀ ਆਸ।

ਇਹ ਤਾਂ ਸੱਚ ਹੈ ਪਤਝੜ ਰੁੱਤੇ ਕਲੀਆਂ ਪੁੰਗਰ ਪੈਣ,
ਇਹ ਵੀ ਸੱਚ ਹੈ ਜੁੜ ਜਾਂਦਾ ਹੈ ਟੁੱਟ ਚੁੱਕਾ ਅਹਿਸਾਸ।

ਸਾਡੇ ਵਾਂਗੂੰ ਵੀ ਨਾ ਕੋਈ ਅੱਗ ਵਿਹੂਣਾ ਹੋਵੇ,
ਚਲ "ਪਰਦੇਸੀ" ਸਿਵਿਆਂ ਦੇ ਵਿਚ ਕਰੀਏ ਇਹ ਅਰਦਾਸ।

# ਭੌਣ ਨਿਕਲੇ

ਸੋਚਾਂ ਤੋਂ ਆਪਣਾ ਜਦ ਖਹਿੜਾ ਛੁਡਾਉਣ ਨਿਕਲੇ।
ਇਸ ਸਿਰ 'ਚੋਂ ਕੀੜਿਆਂ ਦੇ ਕਿੰਨੇ ਹੀ ਭੌਣ ਨਿਕਲੇ।

ਜਿਸ ਥਲ 'ਚ ਸੱਸੀਆਂ ਦੇ ਪੂਰਾਂ ਦੇ ਪੂਰ ਭੁੱਜੇ,
ਮੋਰਾਂ ਨੂੰ ਓਸ ਥਲ ਵਿਚ ਪੁੰਨੂੰ ਨਚਾਉਣ ਨਿਕਲੇ।

ਸਰੁਵਾਂ ਦੇ ਫੁੱਲ ਮਹਿਕੇ 'ਚਾ ਤਿਤਲੀਆਂ ਨੂੰ ਚੜ੍ਹਿਆ,
ਖੰਭ ਤਿਤਲੀਆਂ ਦੇ ਨਿਕਲੇ ਸਾਨੂੰ ਸਤਾਉਣ ਨਿਕਲੇ।

ਆਲਮ ਉਡੀਕ ਦਾ ਵੀ ਕਿੰਨਾ ਅਜੀਬ ਹੁੰਦੈ,
ਕੁੰਡਾ ਗਵਾਂਢ ਖੜਕੇ ਝਟ ਮੂੰਹ 'ਚੋਂ ਕੌਣ ਨਿਕਲੇ।

ਨਸ਼ਿਆਂ ਦਾ ਵੇਗ ਵੇਖੋ ਕੁਰਸੀ ਦਾ ਮਾਣ ਵੇਖੋ,
ਪਰਛਾਵਿਆਂ ਤੇ ਹਾਕਿਮ ਪਹਿਰੇ ਲਗਾਉਣ ਨਿਕਲੇ।

ਅੱਜ ਬਾਂਸੁਰੀ 'ਚੋਂ ਕਾਨ੍ਹਾ ਕਿੱਦਾਂ ਦੀ ਹੂਕ ਨਿਕਲੀ,
ਕਿਉਂ ਰਾਧਿਕਾ ਦੇ ਗਲ ਚੋਂ ਏਦਾਂ ਦੇ ਗੌਣ ਨਿਕਲੇ।

"ਪਰਦੇਸੀ" ਤਕ ਸ਼ਰਾਰਤ ਬੇ-ਮੌਸਮੀ ਹਵਾ ਦੀ,
ਦੀਵੇ ਨੇ ਇਸ ਨਗਰ ਦੇ ਭਾਂਬੜ ਮਚਾਉਣ ਨਿਕਲੇ।

❋ ❋ ❋



# ਕਸਮਾਂ ਤੇ ਆ ਗਿਆ

ਫੇਰ ਕਸਮਾਂ ਤੇ ਆ ਗਿਆ ਕੋਈ।
ਫੇਰ ਹੋਵੇਗਾ ਹਾਦਸਾ ਕੋਈ।

ਦੂਰ ਜਾਂਦਾ ਨਹੀਂ ਹੈ ਪਲ ਭਰ ਵੀ,
ਇਸ ਤਰ੍ਹਾਂ ਹੋ ਗਿਐ ਜੁਦਾ ਕੋਈ।

ਬੇ-ਸਮਝ ਜਾਂ ਚਲਾਕ ਹੋਵੇਗਾ,
ਇਹ ਜੋ ਜੁਗਨੂੰ ਲੁਕਾ ਗਿਆ ਕੋਈ।

ਕੀ ਅਵਸਥਾ ਹੈ, ਇਹ ਕਿ ਦਿਲ ਚਾਹੇ,
ਕੋਲ ਆਵੇ ਨਾ ਦੂਸਰਾ ਕੋਈ।

ਦਿਲ ਤੋਂ ਪੈੜਾਂ ਨਾ ਉਮਰ ਭਰ ਮਿਟੀਆਂ,
ਫੁੱਲ ਲੰਘਿਆ ਸੀ ਮੁਸਕਰਾ ਕੋਈ।

ਹਾਕ ਮਾਰਾਂ ਕਿਸੇ ਨੂੰ ਆ ਜਾਵੇ,
ਨਾਮ ਮੂੰਹ ਤੇ ਭਲਾ ਜਿਹਾ ਕੋਈ।

ਸਭ ਤੋਂ ਬੁਰੀਆਂ ਨੇ ਤੇਰੀਆਂ ਨਜ਼ਰਾਂ,
ਹੋਰ "ਪਰਦੇਸੀ" ਨਾ ਬੁਰਾ ਕੋਈ।

❋ ❋ ❋

# ਅੱਜ ਕੱਲ

ਦਿਲ ਬਹੁਤ ਹੀ ਉਦਾਸ ਹੈ ਅੱਜ-ਕੱਲ।
ਗ਼ਮ 'ਚ ਅਗਿਆਤ ਵਾਸ ਹੈ ਅੱਜ-ਕੱਲ।

ਜ਼ਖ਼ਮੀ-ਜ਼ਖ਼ਮੀ ਹੈ ਨੈਣਾਂ ਦਾ ਕਜਲਾ,
ਨੈਣੀਂ ਸਤਲੁਜ ਬਿਆਸ ਹੈ ਅੱਜ-ਕੱਲ।

ਕੌਣ ਰਹਿਬਰ ਤੇ ਕੌਣ ਰਹਿਜ਼ਨ ਹੈ,
ਕਿਸ ਨੂੰ ਏਨੀ ਸ਼ਨਾਸ ਹੈ ਅੱਜ-ਕੱਲ।

ਚੁਪ ਚੁਪੀਤੇ ਜਿਹੇ ਹੀ ਰਹਿੰਦੇ ਹੋ,
ਬਾਤ ਕੋਈ ਤਾਂ ਖ਼ਾਸ ਹੈ ਅੱਜ-ਕੱਲ।

ਸੁਰਖ਼ ਸੁਬਹਾ ਤੋਂ ਇਹ ਨਹੀਂ ਬੁਝਣੀ,
ਸ਼ਾਮ ਰੰਗੀ ਪਿਆਸ ਹੈ ਅੱਜ-ਕੱਲ।

ਹਾਲ ਪੁੱਛਦੇ ਹੋ ਕੀ ਬਹਾਰਾਂ ਦਾ,
ਮੋਈਆਂ ਕਲੀਆਂ ਦੀ ਬਾਸ ਹੈ ਅੱਜ-ਕੱਲ।

ਲੀਰਾਂ ਹੋਈਆਂ ਇਹ ਕਾਲੀਆਂ ਰਾਤਾਂ,
ਮੇਰੇ ਗ਼ਮ ਦਾ ਲਿਬਾਸ ਹੈ ਅੱਜ-ਕੱਲ।

ਇਹ ਵੀ "ਪਰਦੇਸੀ" ਕੈਸਾ ਆਲਮ ਹੈ,
ਗੁੰਮ ਹੋਸ਼ੋ ਹਵਾਸ ਹੈ ਅੱਜ-ਕੱਲ।

***



# ਕੀ ਵਾਕਿਆ

ਹੋ ਗਿਆ ਪਰਦੇਸੀਆ ਕੀ ਵਾਕਿਆ।
ਫੇਰ ਜੋ ਅਪਣੇ ਹੀ ਘਰ ਨੂੰ ਪਰਤਿਆ।

ਇਸ ਭਰੀ ਬਰਸਾਤ ਵਿਚ ਤੂੰ ਕਿਸ ਤਰ੍ਹਾਂ,
ਗੁੰਮ ਜਿਹਾ ਚੁਪ ਚਾਪ ਆ ਕੇ ਬਹਿ ਗਿਆ।

ਇਹ ਕਿਹਾ ਮੌਸਮ ਕਿ ਵੰਝਲੀ ਰੋ ਪਈ,
ਨਗ਼ਮਿਆਂ ਦਾ ਸਾਹ ਪਿਆ ਹੈ ਸੂਤਿਆ।

ਮੈਂ ਸਮੁੰਦਰ ਹਾਂ ਇਹ ਮੈਨੂੰ ਸੀ ਗ਼ਰੂਰ,
ਪਰ ਗਿਆ ਨਦੀਆਂ ਦੇ ਹੱਥੋਂ ਰਿੜਕਿਆ।

ਜ਼ਖ਼ਮ ਹੈ ਇਹ ਜ਼ਖ਼ਮ ਹੈ ਇਹ ਜ਼ਖ਼ਮ ਹੈ,
ਇਹ ਨਹੀਂ ਟੋਇਆ ਜੋ ਜਾਵੇ ਪੂਰਿਆ।

ਇਹ ਕਿਹਾ ਸਾਵਣ ਹੈ ਜਿੰਦੂ ਮੇਰੀਏ,
ਗਰਕਜਾਣਾ ਗਰਜਿਆ ਨਾ ਬਰਸਿਆ।

ਪਤਝੜਾਂ ਨੇ ਲਾ ਲਿਆ ਏ ਗਲ ਦੇ ਨਾਲ,
ਜਦ ਵੀ "ਪਰਦੇਸੀ" ਬਹਾਰਾਂ ਝਿੜਕਿਆ।

***

# ਅੱਗ ਪਾਣੀ ਨੂੰ

ਅੱਗ ਪਾਣੀ ਨੂੰ ਜੇ ਲਗਾਵੋਂਗੇ।
ਵੈਣ ਜਮਨਾ ਕਿਨਾਰੇ ਪਾਵੋਂਗੇ।

ਸਾਨੂੰ ਹੰਝੂ ਹੀ ਜੇ ਪਿਲਾਵੋਂਗੇ।
ਫੇਰ ਮਹਿਕਾਂ ਕਿਵੇਂ ਹੰਢਾਵੋਂਗੇ।

ਸਾਡੇ ਦਿਲ 'ਚੋਂ ਨਿਕਲ ਤਾਂ ਜਾਵੋਂਗੇ।
ਆਲ੍ਹਣਾ ਕਿਸ ਜਗ੍ਹਾਂ ਬਣਾਵੋਂਗੇ।

ਨਕਸ਼ ਰੰਗਾਂ ਦੇ ਜੇ ਮਿਟਾਵੋਂਗੇ।
ਅਪਣੀ ਸੂਰਤ ਹੀ ਭੁੱਲ ਜਾਵੋਂਗੇ।

ਇਉਂ ਜੇ ਜੱਫੀਆਂ ਹਵਾ ਨੂੰ ਪਾਵੋਂਗੇ।
ਫਿਰ ਤਾਂ ਸਦਮੇ ਹੀ ਗਲ ਨੂੰ ਲਾਵੋਂਗੇ।

ਹੁਣ ਜੇ ਗੁੱਡੀਆਂ 'ਚ ਵਰਚ ਜਾਵੋਂਗੇ।
ਉਮਰ ਲੀਰਾਂ 'ਚ ਫਿਰ ਬਿਤਾਵੋਂਗੇ।

ਸੁਬਹ ਹੱਸ ਕੇ ਚਲੇ ਹੋ "ਪਰਦੇਸੀ"
ਸ਼ਾਮੀਂ ਰੋਂਦੇ ਘਰਾਂ ਨੂੰ ਆਵੋਂਗੇ।

***



# ਬਤੰਗੜ ਬਣਾਇਆ

ਚਿਣਗਾਂ ਨੂੰ ਸਰਦ ਰੁੱਤ 'ਚ ਮੈਂ ਦਿਲ ਤੇ ਟਿਕਾ ਲਿਆ।
ਏਨੀ ਕੁ ਬਾਤ ਦਾ ਤੂੰ ਬਤੰਗੜ ਬਣਾ ਲਿਆ।

ਕਾਦਿਰ ਤੋਂ ਨਾਮ ਉਸ ਦਾ ਹੱਥ ਤੇ ਲਿਖਾ ਲਿਆ।
ਇਕ ਹੋਰ ਹਾਦਸਾ ਅਸੀਂ ਗਲ ਨਾਲ ਲਾ ਲਿਆ।

ਮਾਰੂਥਲਾਂ ਦੀ ਪੌਣ ਦਾ ਕੋਈ ਵੀ ਦੋਸ਼ ਨਾ,
ਮੈਨੂੰ ਤਾਂ ਮੇਰੇ ਲਾਡਲੇ ਸਾਹਾਂ ਨੇ ਖਾ ਲਿਆ।

ਸਭ ਟਹਿਣੀਆਂ ਤੇ ਬੈਠੀਆਂ ਖਾਮੋਸ਼ ਬੁਲਬੁਲਾਂ,
ਕਿਸ ਨੇ ਇਨ੍ਹਾਂ ਦੀ ਪ੍ਰੀਤ ਦਾ ਨਗ਼ਮਾ ਚੁਰਾ ਲਿਆ।

ਅੱਜ-ਕੱਲ ਸਪੇਰਿਆਂ ਨੂੰ ਵੀ ਸੱਪਾਂ ਦਾ ਖੌਫ਼ ਹੈ।
ਜਿਗਰਾ ਅਸਾਂ ਦਾ ਹੱਥ ਅਸੀਂ ਵਰਮੀ 'ਚ ਪਾ ਲਿਆ।

ਕਿਰਨਾਂ ਦੀ ਲੱਪ ਕੁ ਵਾਸਤੇ ਕੱਢਦਾ ਸੀ ਹਾੜ੍ਹੇ ਜੋ,
ਬੁੱਕਲ 'ਚ ਵੇਖੋ ਉਸ ਨੇ ਸੂਰਜ ਲੁਕਾ ਲਿਆ।

"ਪਰਦੇਸੀ" ਤੈਨੂੰ ਭੁੱਲ ਗਏ ਤੇਰੇ ਵਤਨ ਦੇ ਲੋਕ,
ਜਿਨ੍ਹਾਂ ਲਈ ਤੂੰ ਮੌਤ ਨੂੰ ਹਾਣੀ ਬਣਾ ਲਿਆ।

***

# ਮੈਂ ਤੇਰੀ ਸਿੱਪੀ

ਮੈਂ ਤੇਰੀ ਸਿੱਪੀ ਤੇ ਤੂੰ ਮੇਰਾ ਘੋਗਾ।
ਹੁਣ ਕੀ ਹੋਏਗਾ ਜੀ ਹੁਣ ਕੀ ਹੋਏਗਾ

ਤੂੰ ਮੇਰੀ ਸਿੱਪੀ ਤੇ ਮੈਂ ਤੇਰਾ ਘੋਗਾ,
ਹੁਣ ਕੀ ਹੋਏਗਾ ਜੀ ਹੁਣ ਕੀ ਹੋਏਗਾ।

ਤੌਬਾ ਤੌਬਾ ਅਬ ਕਿਆ ਹੋਗਾ।
ਤੌਬਾ ਤੌਬਾ ਅਬ ਕਿਆ ਹੋਗਾ।

ਗਈ ਸੀ ਮੈਂ ਗੰਗਾ ਨੀ ਚੜ੍ਹਾ ਲਈਆਂ ਵੰਗਾ।
ਛਣ-ਛਣ ਕਰਦੀ ਜੇਠਾਣੀ ਕੋਲੋਂ ਲੰਘਾ।
ਕਾਲਾ ਮੇਰਾ ਘੱਗਰਾ ਮੈਂ ਕਿਹੜੀ ਕਿੱਲੀ ਟੰਗਾ।
ਏਸ ਕਿੱਲੀ ਟੰਗਾਂ ਕਦੀ ਓਸ ਕਿੱਲੀ ਟੰਗਾ।

ਮੈਂ ਤੇਰੀ ਸਿੱਪੀ ਤੇ ਤੂੰ ਮੇਰਾ ਘੋਗਾ।
ਹੁਣ ਕੀ ਹੋਏਗਾ ਜੀ ਹੁਣ ਕੀ ਹੋਏਗਾ।

ਸੁਰਮਾ ਨਾ ਪਾ ਬਿੱਲੋ ਬੰਨ ਬੰਨ ਧਾਰੀਆਂ।
ਤੇਰੀਆਂ ਨਨਾਣੇ ਅੱਖਾਂ ਪਹਿਲਾਂ ਟੂਣੇ ਹਾਰੀਆਂ।
ਬੈਠ ਕੇ ਤੂੰ ਸੱਸੇ ਕਦੇ ਗੱਲਾਂ ਨਾ ਵਿਚਾਰੀਆਂ।
ਤਿੱਤਰੀ ਇਹ ਤੇਰੀ ਮਾਰ ਜਾਊਗੀ ਉਡਾਰੀਆਂ।

ਮੈਂ ਤੇਰੀ ਸਿੱਪੀ ਤੇ ਤੂੰ ਮੇਰਾ ਘੋਗਾ।
ਹੁਣ ਕੀ ਹੋਏਗਾ ਜੀ ਹੁਣ ਕੀ ਹੋਏਗਾ।



ਕਿੱਕਲੀ ਕੁਲੱਸ ਦੀ ਨੀ ਲੱਤ ਭੱਜੇ ਸੱਸ ਦੀ।
ਘੜੀਆਂ ਘੜਾਈਆਂ ਗੱਲਾਂ ਮਾਹੀ ਨੂੰ ਜੋ ਦੱਸਦੀ।
ਗੋਡਾ ਭੱਜੇ ਜੇਠ ਦਾ ਜੋ ਝੀਥਾਂ ਥਾਣੀਂ ਵੇਖਦਾ।
ਬੈਠ ਕੇ ਰਜਾਈ ਵਿਚ ਰਹੇ ਗੋਡੇ ਸੇਕਦਾ।

ਮੈਂ ਤੇਰੀ ਸਿੱਪੀ ਤੇ ਤੂੰ ਮੇਰਾ ਘੋਗਾ।
ਹੁਣ ਕੀ ਹੋਏਗਾ ਜੀ ਹੁਣ ਕੀ ਹੋਏਗਾ।

ਸੁਣ-ਸੁਣ ਲੱਛੀਏ ਨੀ ਇਸ਼ਕੇ ਦੀ ਪੱਟੀਏ।
ਸਖੀਆਂ 'ਚ ਹੋਈਆਂ ਗੱਲਾਂ ਘਰੇ ਨਾ ਨੀ ਦੱਸੀਏ।
ਉਂਜ ਭਾਵੇਂ ਮਿੱਤਰਾਂ ਦੇ ਦਿਲ ਵਿਚ ਵੱਸੀਏ।
ਮਾਪਿਆਂ ਦੇ ਮੂਹਰੇ ਕਦੀ ਖੁੱਲ ਕੇ ਨਾ ਹੱਸੀਏ।

ਮੈਂ ਤੇਰੀ ਸਿੱਪੀ ਤੇ ਤੂੰ ਮੇਰਾ ਘੋਗਾ।
ਹੁਣ ਕੀ ਹੋਏਗਾ ਜੀ ਹੁਣ ਕੀ ਹੋਏਗਾ।

ਨੱਚਦੀ ਸੀ ਵਲ ਖਾ-ਖਾ ਪਿੱਪਲੀ ਦੇ ਹੇਠ ਨੀ।
ਟੁੱਟ ਪੈਣੇ ਆ ਗਏ ਓਥੇ ਸਹੁਰਾ ਨਾਲੇ ਜੇਠ ਨੀ।
ਏਧਰ ਨੂੰ ਨੱਸਾਂ ਕਦੀ ਉਧਰ ਨੂੰ ਨੱਸਾ।
ਦੁੱਖ "ਪਰਦੇਸੀ" ਤੈਨੂੰ ਕਿਹੜੇ-ਕਿਹੜੇ ਦੱਸਾਂ

ਮੈਂ ਤੇਰੀ ਸਿੱਪੀ ਤੇ ਤੂੰ ਮੇਰਾ ਘੋਗਾ।
ਹੁਣ ਕੀ ਹੋਏਗਾ ਜੀ ਹੁਣ ਕੀ ਹੋਏਗਾ

ਤੂੰ ਮੇਰੀ ਸਿੱਪੀ ਤੇ ਮੈਂ ਤੇਰਾ ਘੋਗਾ,
ਹੁਣ ਕੀ ਹੋਏਗਾ ਜੀ ਹੁਣ ਕੀ ਹੋਏਗਾ।

ਅਬ ਕਿਆ ਹੋਗਾ, ਅਬ ਕਿਆ ਹੋਗਾ।

# ਰੂਪ ਡੰਡੀਆਂ 'ਚ ਡੁਲਦਾ

ਹਾੜ ਦਾ ਮਹੀਨਾ ਜੱਟੀ ਮੁੜ੍ਹਕੇ ਨਾ ਭਿੱਜੀ,
ਪੱਲਾ ਫੇਰ-ਫੇਰ ਮੁੜ੍ਹਕਾ ਸੁਕਾਵੇ।
ਨੀ ਜੋਬਨ ਸੰਭਾਲ ਜੱਟੀਏ,
ਰੂਪ ਡੰਡੀਆਂ 'ਚ ਡੁਲਦਾ ਜਾਵੇ।

ਹੋਈ ਅੱਖੀਆਂ ਹੀ ਅੱਖੀਆਂ ਦੀ ਜੰਗ ਜੱਟੀਏ।
ਸਾਨੂੰ ਡਾਢੀ ਸੋਹਣੀ ਲੱਗੇ ਤੇਰੀ ਸੰਗ ਜੱਟੀਏ।
ਤੇਰੀ ਘੂਰੀਆਂ ਨੇ ਕੀਤਾ ਡਾਢ੍ਹਾ ਤੰਗ ਜੱਟੀਏ।
ਇਹਨਾਂ ਘੂਰੀਆਂ ਤੋਂ ਚਿੱਤ ਘਬਰਾਵੇ।
ਨੀ ਜੋਬਨ ਸੰਭਾਲ ਜੱਟੀਏ।
ਰੂਪ ਡੰਡੀਆਂ 'ਚ ਡੁਲਦਾ ਜਾਵੇ।

ਅੱਜ ਹੋਣ ਦੇ ਨੀ ਕੋਈ ਅਨਹੋਣੀ ਹੋਣ ਦੇ।
ਜੱਗੋਂ ਤੇਹਰਵੀਂ ਤੇ ਕੋਈ ਮਨਭਾਉਣੀ ਹੋਣ ਦੇ।
ਇਹਨਾਂ ਤਪਦੇ ਸਿਆੜਾਂ ਦੀ ਨੀ ਰੌਣੀ ਹੋਣ ਦੇ।
ਖੌਰੇ ਸੋਹਣੀਏ ਪਿਆਰ ਉਗ ਆਵੇ।
ਨੀ ਜੋਬਨ ਸੰਭਾਲ ਜੱਟੀਏ।
ਰੂਪ ਡੰਡੀਆਂ 'ਚ ਡੁੱਲਦਾ ਜਾਵੇ।

ਗੋਰੇ ਰੰਗ ਉੱਤੇ ਢਾਇਆ ਜੀਹਨੇ ਕਹਿਰ ਜੱਟੀਏ।
ਚਿੱਤ ਕਰੇ ਮੇਰਾ ਫੂਕਦਾਂ ਦੁਪਿਹਰ ਜੱਟੀਏ।
ਸਾਡੀ ਪਲਕਾਂ ਦੀ ਛਾਵੇਂ ਆ ਜਾ ਠਹਿਰ ਜੱਟੀਏ।
ਗੋਰਾ ਰੰਗ ਨਾ ਕਾਫੂਰ ਬਣ ਜਾਵੇ।
ਨੀ ਜੋਬਨ ਸੰਭਾਲ ਜੱਟੀਏ।
ਰੂਪ ਡੰਡੀਆਂ 'ਚ ਡੁਲਦਾ ਜਾਵੇ।



ਏਸ ਚਾਨਣੀ ਦੇ ਪਿੱਛੋਂ ਆਉਣਾ ਨੇਰ੍ਹ ਬੱਲੀਏ।
ਆ ਜਾ ਮਾਣ ਲਈਏ ਸੱਜਰੀ ਸਵੇਰ ਬੱਲੀਏ।
ਐਵੇਂ ਸੋਚੀਂ ਪੈ ਕੇ ਲਾਈ ਜਾਵੇਂ ਦੇਰ ਬੱਲੀਏ।
ਤੈਨੂੰ ਕਿਵੇਂ "ਪਰਦੇਸੀ" ਸਮਝਾਵੇ।
ਨੀ ਜੋਬਨ ਸੰਭਾਲ ਜੱਟੀਏ।
ਰੂਪ ਡੰਡੀਆਂ 'ਚ ਡੁਲਦਾ ਜਾਵੇ।

❊ ❊ ❊



# ਸ਼ਰੀਕਣਾਂ ਨੂੰ ਮੱਚ ਲੈਣ ਦੇ

ਮੈਨੂੰ ਰੋਕੀਂ ਨਾ ਤੂੰ ਅੱਜ, ਮੈਨੂੰ ਟੋਕੀਂ ਨਾ ਤੂੰ ਅੱਜ।

ਪਾ ਕੇ ਚਾਂਦੀ ਦੀਆਂ ਝਾਂਜਰਾਂ ਵੇ ਨੱਚ ਲੈਣ ਦੇ।
ਮੱਚ ਜਾਣੀਆਂ ਸ਼ਰੀਕਣਾਂ ਨੂੰ ਮੱਚ ਲੈਣ ਦੇ।

ਵੇਖੀ ਰਾਂਗਲਾ ਪਰਾਂਦਾ ਗਿੱਟਿਆਂ ਨੂੰ ਚੁੰਮਦਾ।
ਨਾਲੇ ਧਰਤੀ ਸਮਾਨ ਵੇਖੀਂ ਕਿਵੇਂ ਘੁੰਮਦਾ।
ਵੇ ਮੈਂ ਦਿੱਤਾ ਜਦੋਂ ਗੇੜਾ
ਵੇਖੀਂ ਘੁੰਮਦਾ ਚੁਫੇਰਾ।
ਸਾਨੂੰ ਚੜ੍ਹਦੀ ਜਵਾਨੀ ਕੋਲੋਂ ਹੱਕ ਲੈਣ ਦੇ।
ਮੱਚ ਜਾਣਗੀਆਂ ਸ਼ਰੀਕਣਾਂ ਨੂੰ ਮੱਚ ਲੈਣ ਦੇ।

ਸਾਨੂੰ ਨੱਚਣ ਦੇ ਚਾਅ ਕੀਤਾ ਚੂਰ-ਚੂਰ ਵੇ।
ਝੜ ਜਾਣਾ ਰੁੱਤ ਨਾਲ ਅੰਬੀਆਂ ਦਾ ਬੂਰ ਵੇ।
ਬੀਤੀ ਆਉਧ ਕੀ ਨਿਆਣੀ।
ਚਾਅ ਚੜ੍ਹੇ ਅਸਮਾਨੀ।
ਸ਼ਾਨੂੰ ਅੰਬਰਾਂ ਦੇ ਤਾਰਿਆਂ ਨੂੰ ਤੱਕ ਲੈਣ ਦੇ।
ਮੱਚ ਜਾਣੀਆਂ ਸ਼ਰੀਕਣਾਂ ਨੂੰ ਮੱਚ ਲੈਣ ਦੇ।

ਸਾਥੋਂ ਸੱਧਰਾਂ ਤੇ ਚਾਅ ਵੇ ਹੁਣ ਜਾਣ ਨਾ ਲਕੋਏ।
ਅਸੀਂ ਫੁੱਲਾਂ ਦੀਆਂ ਮਹਿਕਾਂ ਨਾਲੋਂ ਦੂਣੇ ਚੌਣੇ ਹੋਏ।
ਬਾਗ ਛਾਣ ਲੈ ਤੂੰ ਕੁੱਲ।
ਨਹੀਂ ਸਾਡੇ ਜਿਹਾ ਫੁੱਲ।
ਇਹ ਵੀ ਫੁੱਲ ਫੁੱਲਦਾਨ ਵਿਚ ਜੱਚ ਲੈਣ ਦੇ।
ਮੱਚ ਜਾਣੀਆਂ ਸ਼ਰੀਕਣਾਂ ਨੂੰ ਮੱਚ ਲੈਣ ਦੇ।



ਸਾਡੀ ਜਿੰਦ ਪਰਦੇਸੀ ਸਾਡੀ ਜਾਨ ਪਰਦੇਸੀ।
ਅਸੀਂ ਰਾਂਗਲੇ ਬਾਗਾਂ ਦੇ ਮਹਿਮਾਨ ਪਰਦੇਸੀ।
ਦਿਲ ਛੱਡ ਆਏ ਮੋਗੇ,
ਹਾਂ ਜਲੰਧਰ ਦੇ ਜੋਗੇ।
ਹੱਸ ਖੇਡ ਸਾਨੂੰ ਚਾਰ ਦਿਨ ਕੱਟ ਲੈਣ ਦੇ।
ਮੱਚ ਜਾਣੀਆਂ ਸ਼ਰੀਕਣਾਂ ਨੂੰ ਮੱਚ ਲੈਣ ਦੇ।

❊ ❊ ❊



# ਗੁਜਰੀਏ

ਤਾਂਬੇ ਵਰਗਾ ਰੰਗ ਗੁਜਰੀਏ।
ਕਰਵਾਊਗਾ ਜੰਗ ਗੁਜਰੀਏ।

ਐਵੇਂ ਤਾਰੇ ਨਾ ਗਿਣਿਆ ਕਰ,
ਦਿਲ ਲੋਕਾਂ ਦੇ ਤੰਗ ਗੁਜਰੀਏ।

ਨਾਗਾਂ ਤੋਂ ਬਚਦੀ ਫਿਰਦੀ ਨੂੰ,
ਜੋਗੀ ਜਾਸਣ ਡੰਗ ਗੁਜਰੀਏ।

ਸਾਡਾ ਵੀ ਨਈਂ ਤਖ਼ਤ ਹਜ਼ਾਰਾ,
ਜੇ ਨਈਂ ਤੇਰਾ ਝੰਗ ਗੁਜਰੀਏ।

ਜੋ ਕੁਝ ਰੱਬ ਵੀ ਦੇ ਨਹੀਂ ਸਕਦਾ,
ਉਹ ਸਾਡੇ ਤੋਂ ਮੰਗ ਗੁਜਰੀਏ।

ਅੰਮ੍ਰਿਤ ਦਾ ਹੋਕਾ ਦੇਨੀ ਏਂ,
ਏਥੇ ਭੁਜਦੀ ਭੰਗ ਗੁਜਰੀਏ।

ਜੂਠਾਂ ਕੋਲੋਂ ਰੱਖ ਬਚਾ ਕੇ,
ਅਪਣੀ ਸੁੱਚੀ ਸੰਗ ਗੁਜਰੀਏ।

ਪੌਣਾਂ ਵਿਚ ਘੁਲ ਮਿਲ ਜਾਣੇ ਦਾ,
ਸਿੱਖ ਮਹਿਕਾਂ ਤੋਂ ਢੰਗ ਗੁਜਰੀਏ।

'ਪਰਦੇਸੀ' ਤੇ ਸ਼ਿਕਵਾ ਕਾਹਦਾ,
ਉਹ ਤਾਂ ਮਸਤ ਮਲੰਗ ਗੁਜਰੀਏ।



# ਮੜ੍ਹ ਦਿੱਤਾ ਇਲਜ਼ਾਮ

ਮਹਿਕਾਂ ਵਿਚ ਘੁਲ ਮਿਲ ਜਾਣੋਂ ਉਹ ਜਦ ਹੋਏ ਨਾਕਾਮ।
ਫੁੱਲਾਂ ਦੇ ਸਿਰ ਖ਼ੁਦਗ਼ਰਜੀ ਦਾ ਮੜ੍ਹ ਦਿੱਤਾ ਇਲਜ਼ਾਮ।

ਕੁਝ ਯਾਦਾਂ, ਕੁਝ ਧੁਖਦੇ ਹਉਕੇ, ਤੇ ਕੁਝ ਜ਼ਖ਼ਮੀ ਹਾਸੇ,
ਅੱਖੀਆਂ ਮੂਹਰੇ ਹੋਠਾਂ ਉੱਤੇ ਧਰ ਜਾਂਦੀ ਹੈ ਸ਼ਾਮ।

ਤੁਰਦਾ ਫਿਰਦਾ ਜੰਗਲ ਹਾਂ ਜਿਸ ਵਿਚ ਪਤਝੜ ਦਾ ਡੇਰਾ,
ਇਕ ਨਗਰੀ ਦੇ ਬਾਗ਼ 'ਚ ਕੁਝ ਪਲ ਕੀਤਾ ਸੀ ਆਰਾਮ।

ਨਫ਼ਰਤ ਹੀ ਨਫ਼ਰਤ ਹੈ ਸਾਡੇ ਸਿਰ ਤੋਂ ਪੈਰਾਂ ਤੀਕ,
ਰੱਖਣ ਨੂੰ ਹੈ ਰੱਖਿਆ ਆਪਾਂ ਅਪਣਾ ਉਲਫ਼ਤ ਨਾਮ।

ਪੰਛੀ ਨੂੰ ਅਸਮਾਨੀਂ ਉੱਡਦੇ ਤੱਕ ਕੇ ਝੂਰ ਰਹੇ ਹਾਂ,
ਆਪਾਂ ਤੇ ਅਪਣੇ ਖੰਭਾਂ ਦੇ ਵੱਟ ਚੁੱਕੇ ਹਾਂ ਦਾਮ।

ਜ਼ਖ਼ਮੀ ਜ਼ਖ਼ਮੀ ਹੋ ਕੇ ਮੁੜਿਆ ਵੇਖ ਲਵੋ ਰਾਜਿੰਦਰ,
ਕੰਡਿਆਂ ਨੂੰ ਇਹ ਦੇਣ ਗਿਆ ਸੀ ਮਹਿਕਾਂ ਦਾ ਪੈਗ਼ਾਮ।

ਇਹ ਤਾਂ ਬੱਸ ਇਕ ਨਉਂ ਦਾ ਘਰ ਹੈ, ਏਥੋਂ ਕਿੱਥੇ ਲੱਭਣੈ,
'ਪਰਦੇਸੀ' ਦਾ ਹੁੰਦੈ ਅਕਸਰ ਸੜਕਾਂ ਤੇ ਵਿਸ਼ਰਾਮ।

❊❊❊

# ਕੁਰਬਾਨ ਦੇਸ਼ ਤੋਂ

ਕੁਰਬਾਨ ਦੇਸ਼ ਤੋਂ ਕੁਰਬਾਨ ਦੇਸ਼ ਤੋਂ।
ਸਾਵੀ ਧਰਤੀ ਤੇ ਨੀਲਾ ਅਸਮਾਨ ਦੇਸ਼ ਤੋਂ।

ਜਿਹੜਾ ਉਂਗਲ ਉਠਾਵੇ ਉਹਦੇ ਹੱਥ ਹੀ ਉਡਾਈਏ।
ਸਿਰ ਲੈਣ ਅਤੇ ਦੇਣ ਵਿਚ ਪਲ ਵੀ ਨਾ ਲਾਈਏ।
ਵਾਰ ਪਲਾਂ ਵਿਚ ਦੇਈਏ ਜਿੰਦ ਜਾਨ ਦੇਸ਼ ਤੋਂ।
ਕੁਰਬਾਨ ਦੇਸ਼ ਤੋਂ ਕੁਰਬਾਨ ਦੇਸ਼ ਤੋਂ।

ਅਸੀਂ ਭਾਰਤ ਦੇ ਜਾਏ ਸਾਨੂੰ ਸਭ ਨਾਲ ਪਿਆਰ।
ਪਹਿਲਾਂ ਕਦੀਂ ਵੀ ਕਿਸੇ ਦੇ ਉੱਤੇ ਕਰੀਏ ਨਾ ਵਾਰ।
ਫੇਰ ਵਾਰ ਦੇਈਏ ਸਾਰਾ ਹੀ ਜਹਾਨ ਦੇਸ਼ ਤੋਂ।
ਕੁਰਬਾਨ ਦੇਸ਼ ਤੋਂ ਕੁਰਬਾਨ ਦੇਸ਼ ਤੋਂ।

ਏਥੇ ਫੁੱਲ ਵੱਖੋ ਵੱਖ ਅਤੇ ਸਾਂਝੀ ਖੁਸ਼ਬੋਈ।
ਜਿਹੜਾ ਮਹਿਕਾਂ ਦਾ ਪੁਜਾਰੀ ਸਾਡਾ ਦੋਸਤ ਹੈ ਸੋਈ।
ਮਹਿਕਾਂ ਵੰਡੇ ਤਿੰਨ ਰੰਗਾਂ ਫੁੱਲਦਾਨ ਦੇਸ਼ ਤੋਂ।
ਕੁਰਬਾਨ ਦੇਸ਼ ਤੋਂ ਕੁਰਬਾਨ ਦੇਸ਼ ਤੋਂ।

ਅਸੀਂ ਗਿੱਧਿਆਂ ਦੇ ਰਾਖੇ ਅਸੀਂ ਹਾਸਿਆਂ ਦੇ ਹਾਣੀ।
ਜੀਣਾ ਅਣਖਾਂ ਦੇ ਨਾਲ ਸਾਡੀ ਰੀਤ ਹੈ ਪੁਰਾਣੀ।
ਗੁਰੂ ਵਾਰ ਦਿੰਦੇ ਪਿਤਾ ਸੰਤਾਨ ਦੇਸ਼ ਤੋਂ।
ਕੁਰਬਾਨ ਦੇਸ਼ ਤੋਂ ਕੁਰਬਾਨ ਦੇਸ਼ ਤੋਂ।

ਸਾਡੀ ਚੜ੍ਹਦੇ ਤੇ ਲਹਿੰਦੇ ਸੱਜੇ ਖੱਬੇ ਪਹਿਚਾਨ।
ਸਾਰੇ ਪੱਖੋਂ ਪਰਦੇਸੀ ਸਾਨੂੰ ਜਾਣਦਾ ਜਹਾਨ।
ਸਾਨੂੰ ਚੰਗਾ ਨਹੀਂ ਕੋਈ ਅਰਮਾਨ ਦੇਸ਼ ਤੋਂ।
ਕੁਰਬਾਨ ਦੇਸ਼ ਤੋਂ ਕੁਰਬਾਨ ਦੇਸ਼ ਤੋਂ।



# ਤਿਰੰਗਾ

ਸਾਡੀ ਆਨ ਹੈ ਤਿਰੰਗਾ ਸਾਡੀ ਸ਼ਾਨ ਹੈ ਤਿਰੰਗਾ।
ਸਾਡੀ ਅੱਖੀਆਂ ਦਾ ਤਾਰਾ ਜਿੰਦ ਜਾਨ ਹੈ ਤਿਰੰਗਾ।

ਇਹ ਹੈ ਅਮਨਾਂ ਦਾ ਰਾਖਾ ਵੰਡੇ ਖੁਸ਼ੀਆਂ ਤੇ ਹਾਸੇ।
ਇਹਦੇ ਮਿੱਠੇ ਮਿੱਠੇ ਗੀਤ ਜਿਵੇਂ ਮਿਸ਼ਰੀ ਪਤਾਸੇ।
ਸਾਡੀ ਜ਼ਿੰਦਗੀ ਦਾ ਇਕੋ ਅਰਮਾਨ ਹੈ ਤਿਰੰਗਾ।
ਸਾਡੀ ਆਨ ਹੈ ਤਿਰੰਗਾ ਸਾਡੀ ਸ਼ਾਨ ਹੈ ਤਿਰੰਗਾ।

ਇਹ ਹੈ ਬਾਪੂ ਜੀ ਦਾ ਮਾਣ ਚਾਚਾ ਨਹਿਰੂ ਜੀ ਦੀ ਸ਼ਾਨ।
ਸਾਡੇ ਨੇਤਾ ਜੀ ਨੇ ਸਾਨੂੰ ਇਹ ਹੈ ਦਿੱਤਾ ਵਰਦਾਨ।
ਸਾਡੀ ਜੱਗ ਤੇ ਨਿਰਾਲੀ ਪਹਿਚਾਨ ਹੈ ਤਿਰੰਗਾ।
ਸਾਡੀ ਅੱਖੀਆਂ ਦਾ ਤਾਰਾ ਜਿੰਦ ਜਾਨ ਹੈ ਤਿਰੰਗਾ।

ਇਹਦੇ ਪਿੱਛੇ ਹੈ ਸ਼ਹਾਦਤਾਂ ਦੀ ਅਮਰ ਕਹਾਣੀ।
ਇਹਦੇ ਵਾਸਤੇ ਸ਼ਹੀਦ ਹੋਈ ਝਾਂਸੀ ਦੀ ਰਾਣੀ।
ਸਾਰੇ ਝੰਡਿਆਂ ਦਾ ਤਾਂ ਹੀ ਸੁਲਤਾਨ ਹੈ ਤਿਰੰਗਾ।
ਸਾਡੀ ਆਨ ਹੈ ਤਿਰੰਗਾ ਸਾਡੀ ਸ਼ਾਨ ਹੈ ਤਿਰੰਗਾ।

ਇਹਦੇ ਵਾਸਤੇ ਸ਼ਹੀਦੀ ਸੀ ਭਗਤ ਸਿੰਘ ਪਾਈ।
ਸਾਡੀ ਅੱਖੀਆਂ ਨੂੰ ਤਾਂ ਹੀ ਇਹ ਹੈ ਦਿੰਦਾ ਰੁਸ਼ਨਾਈ।
ਸਾਡੀ ਰੂਹ ਹੈ "ਪਰਦੇਸੀ" ਸਾਡੀ ਜਾਨ ਹੈ ਤਿਰੰਗਾ।
ਸਾਡੀ ਆਨ ਹੈ ਤਿਰੰਗਾ ਸਾਡੀ ਸ਼ਾਨ ਹੈ ਤਿਰੰਗਾ।

* * *

## ਵੀਣੀ ਤੇ ਲਿਖਾਈ ਫਿਰਾਂ

ਸਾਡੇ ਦਿਲ ਦੀ ਉਮੰਗ,
ਸਾਨੂੰ ਕਰੇ ਡਾਢਾ ਤੰਗ,
ਚੰਨਾ ਤੇਰੇ ਹੱਥ ਡੋਰ,
ਟੁੱਟ ਜਾਵੇ ਨਾ ਪਤੰਗ।
ਦੇ ਦੇ ਦਿਲ 'ਚ ਉਪਾਸ਼ਕਾਂ ਨੂੰ ਥਾਂ ਸੱਜਣਾ।
ਤੇਰਾ ਵੀਣੀ ਤੇ ਲਿਖਾਈ ਫਿਰਾਂ ਨਾਂ ਸੱਜਣਾ।

ਰਾਤ ਚਾਨਣੀ 'ਚ ਚੰਨਾ ਅਸੀਂ ਮਰ ਮਰ ਜਾਈਏ।
ਹੁਣ ਆਪਣੀ ਹੀ ਛਾਂ ਤੋਂ ਅਸੀਂ ਡਰ ਡਰ ਜਾਈਏ।
ਕਹਿ ਦੇ ਕੰਨ ਵਿਚ ਹੌਲੀ ਜਿਹੀ ਹਾਂ ਸੱਜਣਾ।
ਤੇਰਾ ਵੀਣੀ ਤੇ ਲਿਖਾਈ ਫਿਰਾਂ ਨਾਂ ਸੱਜਣਾ।

ਸਾਨੂੰ ਹਾਸਿਆਂ ਦੀ ਸਹੁੰ ਤੈਨੂੰ ਕਰਦੇ ਹਾਂ ਪਿਆਰ।
ਤੇਰੀ ਤੱਕਣੀ ਨੇ ਕੀਤਾ ਸਾਡਾ ਜੀਣਾ ਦੁਸ਼ਵਾਰ।
ਸਾਨੂੰ ਵੱਢ ਵੱਢ ਖਾਵੇ ਧੁੱਪ ਚਾਂ ਸੱਜਣਾ।
ਤੇਰਾ ਵੀਣੀ ਤੇ ਲਿਖਾਈ ਫਿਰਾਂ ਨਾਂ ਸੱਜਣਾ।

ਸਾਨੂੰ ਰੱਖ ਲੈ ਵੇ ਰੱਖ ਲੈ ਤੂੰ ਦਿਲ ਨਾਲ ਲਾ ਕੇ।
ਹੱਥ ਜੋੜਦੇ ਹਾਂ ਤੇਰੇ ਮੂਹਰੇ ਵੰਗਾਂ ਛਣਕਾ ਕੇ।
ਸਾਡੀ ਫੜ ਲੈ ਵੰਗਾਂ ਦੇ ਕੋਲੋਂ ਬਾਂਹ ਸੱਜਣਾ।
ਤੇਰਾ ਵੀਣੀ ਤੇ ਲਿਖਾਈ ਫਿਰਾਂ ਨਾਂ ਸੱਜਣਾ।

ਸਾਡੀ ਭੋਰਾ ਭਰ ਜਿੰਦ ਉੱਤੇ ਤੋੜ ਨਾ ਪਹਾੜ।
ਸਾਡੀ ਰੂਹ "ਪਰਦੇਸੀ" ਨਾ ਥਲਾਂ ਦੇ ਵਿਚ ਸਾੜ।
ਕਦੀ ਕਰ ਪਲਕਾਂ ਦੀ ਸਾਨੂੰ ਛਾਂ ਸੱਜਣਾ।
ਤੇਰਾ ਵੀਣੀ ਤੇ ਲਿਖਾਈ ਫਿਰਾ ਨਾਂ ਸੱਜਣਾ।



## ਇਹ ਉਹ ਜਾਣੇ ਜਾਂ ਮੈਂ ਜਾਣਾ

ਕਿੰਨੇ ਹੈ ਤੋੜਿਆ ਸਾਨੂੰ ਤੇ ਕਿਸ ਖੰਡਰ ਬਣਾ ਦਿੱਤਾ,
ਇਹ ਉਹ ਜਾਣੇ ਜਾਂ ਮੈਂ ਜਾਣਾ।
ਸ਼ਹੀਦਾਂ ਦੀ ਕਤਾਰ ਅੰਦਰ ਹੈ ਸਾਨੂੰ ਕਿਸ ਖੜ੍ਹਾ ਦਿੱਤਾ,
ਇਹ ਉਹ ਜਾਣੇ ਜਾਂ ਮੈਂ ਜਾਣਾ।

ਅਸਾਡੀ ਅੱਖੀਆਂ ਸਾਹਵੇਂ ਇਹ ਛਾਵਾਂ ਕਾਤਰਾਂ ਕਰ ਕਰ,
ਕਫ਼ਨ ਧੁੱਪ ਦਾ ਬਣਾ ਸਜਣਾ ,
ਕਿਨ੍ਹੇ ਸੰਧੂਰ ਦੀ ਰੁੱਤੇ ਹੈ ਸਿਰ ਉੱਤੇ ਟਿਕਾ ਦਿੱਤਾ,
ਇਹ ਉਹ ਜਾਣੇ ਜਾਂ ਮੈਂ ਜਾਣਾ।

ਕਿਸੇ ਦਾ ਦਰਦ ਕੀ ਸਮਝਣ ਇਹ ਚੰਦਰੇ ਵਾ-ਵਰੋਲੇ,
ਵਾ-ਵਰੋਲੇ, ਵਾ-ਵਰੋਲੇ ਨੇ,
ਅਸਾਡੀ ਜ਼ਿੰਦਗੀ ਵਿੱਚੋਂ ਹੈ ਕਿੰਨਾ ਕੁਝ ਉੜਾ ਦਿੱਤਾ,
ਇਹ ਉਹ ਜਾਣੇ ਜਾਂ ਮੈਂ ਜਾਣਾ।

ਜਦੋਂ ਵੀ ਹਾਸਿਆਂ ਵਰਗਾ ਸੁਣੱਖਾ ਹਾਦਸਾ ਪਲ ਭਰ,
ਅਸਾਨੂੰ ਯਾਦ ਆਇਆ ਹੈ,
ਉਨ੍ਹੇ ਸਾਨੂੰ ਹਸਾ ਦਿੱਤਾ ਕਿ ਉਸ ਸਾਨੂੰ ਰੁਆ ਦਿੱਤਾ,
ਇਹ ਉਹ ਜਾਣੇ ਜਾਂ ਮੈਂ ਜਾਣਾ।

ਹਨ੍ਹੇਰੀ ਵਗਣ ਵੇਲੇ ਤੋਂ ਹਨ੍ਹੇਰੀ ਰੁਕਣ ਤੱਕ ਦੀ,
ਵੀ ਕਹਾਣੀ ਕੀ ਕਹਾਣੀ ਹੈ,
ਹੈ ਕਿੱਥੋਂ ਕੀ ਉਡਾ ਦਿੱਤਾ ਤੇ ਕਿੱਥੇ ਕੀ ਗਿਰਾ ਦਿੱਤਾ।
ਇਹ ਉਹ ਜਾਣੇ ਜਾਂ ਮੈਂ ਜਾਣਾ।

ਚੜ੍ਹਾ ਪੀਂਘ ਚਾਵਾਂ ਦੀ ਤੇ ਅੱਧ ਅਸਮਾਨ ਵਿਚ ਖਿੜ-ਖਿੜ,
ਬੜਾ ਹੱਸੇ, ਬੜਾ ਹੱਸੇ।

ਭੁਆਂ ਕੇ ਧਰਤ ਤੇ ਸੁੱਟ ਕੇ ਹੈ ਕਿਸ ਨੇ ਚੁੱਪ ਕਰਾ ਦਿੱਤਾ,
ਇਹ ਉਹ ਜਾਣੇ ਜਾਂ ਮੈਂ ਜਾਣਾ।

ਕਿਵੇਂ ਚੰਧੜ ਇਹ ਮਿਰਜ਼ੇ ਨੂੰ ਫੜਾ ਕੇ ਵਾਗ ਘੋੜੀ ਦੀ,
ਤੇ ਸਾਹਿਬਾਂ ਸੌਂਪ ਕੇ ਤੁਰਗੇ,
ਕੀ ਦੱਸੇ ਜੰਡ "ਪਰਦੇਸੀ" ਇਹ ਚੰਨ ਕਿੱਦਾਂ ਚੜ੍ਹਾ ਦਿੱਤਾ,
ਇਹ ਉਹ ਜਾਣੇ ਜਾਂ ਮੈਂ ਜਾਣਾ।

❊ ❊ ❊





# ਦੀਵੇ

ਬੇ-ਮੌਸਮੇ ਜਹੇ ਹੀ ਹੀਰੇ ਨਾ ਬਾਲ ਦੀਵੇ।
ਦੀਵਾਲੀਆਂ ਦੇ ਮੌਸਮ ਆਏ ਨੇ ਗਾਲ ਦੀਵੇ।

ਸਭ ਕੁਝ ਹਨੇਰਿਆਂ ਚੋਂ ਭਾਲਣ ਦੀ ਪਾ ਤੂੰ ਆਦਤ,
ਐਵੇਂ ਨਾ ਗਾਲ ਦੀਦੇ ਐਵੇਂ ਨਾ ਬਾਲ ਦੀਵੇ।

ਕਿਉਂ ਖ਼ੁਦਕੁਸ਼ੀ ਨਾ ਕਰਦੇ ਇਹ ਰੌਸ਼ਨੀ ਦੇ ਆਸ਼ਿਕ,
ਤੀਲ੍ਹਾਂ ਸਲਾਬ੍ਹੀਆਂ ਸੀ ਸਕੀਆਂ ਨਾ ਬਾਲ ਦੀਵੇ।

ਤੇਰੇ ਤੇ ਕੀ ਗਿਲਾ ਹੈ ਕੀ ਦੋਸ਼ ਤੇਰਾ ਸੱਜਣਾ,
ਹੁੰਦੇ ਹਨ੍ਹੇਰੀਆਂ ਵਿਚ ਮੁਸ਼ਕਿਲ ਹੀ ਬਾਲ ਦੀਵੇ।

ਮੰਨਿਆ ਕਿ ਸ਼ੌਕ ਤੇਰਾ ਦੀਵੇ ਜਗਾਉਣ ਦਾ ਹੈ,
ਇਹ ਮੋਮ ਦਾ ਹੈ ਕਮਰਾ ਏਥੇ ਨਾ ਬਾਲ ਦੀਵੇ।

ਉਹ ਦਫ਼ਨ ਹੋ ਗਿਆ ਏ ਮਜ਼ਬੂਰੀਆਂ ਦੀ ਕਬਰੀਂ,
ਦਿਲ ਦੇ ਬਨੇਰਿਆਂ ਤੇ ਮੁੜ ਘਿੜ ਨਾ ਬਾਲ ਦੀਵੇ।

ਇਨਸਾਫ਼ ਦੇ ਤਰਾਜ਼ੂ ਪਾਈ ਹਨੇਰ ਗਰਦੀ,
ਰੌਸ਼ਨ ਤੂੰ ਕਰ ਇਹ ਮੰਦਰ ਏਥੇ ਵੀ ਬਾਲ ਦੀਵੇ।

ਇਸ ਨੂੰ ਤਾਂ ਸਾੜਿਆ ਹੈ ਇਹਨਾਂ ਹੀ ਦੀਵਿਆਂ ਨੇ,
"ਪਰਦੇਸੀ" ਦੇ ਸਰ੍ਹਾਣੇ ਝੱਲੀਏ ਨਾ ਬਾਲ ਦੀਵੇ।

# ਤਾਕੀਦ ਹੈ

ਦਿਲ ਨਾ ਛੋਟਾ ਕਰ ਕੇ ਜਾਈਂ, ਇਹ ਮੇਰੀ ਤਾਕੀਦ ਹੈ।
ਸ਼ੀਸ਼ਿਆਂ ਤੇ ਤਰਸ ਖਾਈਂ, ਇਹ ਮੇਰੀ ਤਾਕੀਦ ਹੈ।

ਇਹਨਾਂ ਤਲੀਆਂ ਤੇ ਚੁਗਣ ਦੀ ਰੀਝ ਹੈ ਇਸ ਚੁੰਝ ਦੀ,
ਰੀਝ ਤੂੰ ਇਸ ਦੀ ਪੁਗਾਈਂ, ਇਹ ਮੇਰੀ ਤਾਕੀਦ ਹੈ।

ਜੇ ਕਦੇ ਮਾਯੂਸ ਹੋ ਕੇ ਰੋਣ ਨੂੰ ਦਿਲ ਕਰ ਪਵੇ,
ਓਸ ਦਿਨ ਸੁਰਮਾ ਨਾ ਪਾਈਂ, ਇਹ ਮੇਰੀ ਤਾਕੀਦ ਹੈ।

ਹਿਜਰ ਦੇ ਸਾਲਾਂ ਦਾ ਜਦ ਵੀ ਲਾਉਣ ਲੱਗੇਂ ਤੂੰ ਹਿਸਾਬ,
ਜ਼ਰਬ ਦੇਣੀ ਭੁੱਲ ਜਾਈਂ, ਇਹ ਮੇਰੀ ਤਾਕੀਦ ਹੈ।

ਡੁੱਬਦੇ ਸੂਰਜ ਨੂੰ ਤੱਕ ਕੇ ਨਾ ਕਰੀਂ ਮਨ ਨੂੰ ਉਦਾਸ,
ਚੜ੍ਹਦੇ ਵਲ ਨੂੰ ਝਾਤ ਪਾਈਂ, ਇਹ ਮੇਰੀ ਤਾਕੀਦ ਹੈ।

ਤਾਨ੍ਹਿਆਂ ਤੇ ਮਿਹਣਿਆਂ ਦੇ ਮਿਲਣਗੇ ਜਦ ਪੁਰਸਕਾਰ,
ਇਸ ਤਰ੍ਹਾਂ ਹੀ ਮੁਸਕਰਾਈਂ, ਇਹ ਮੇਰੀ ਤਾਕੀਦ ਹੈ।

ਜ਼ਿੰਦਗੀ ਵਿਚ ਜ਼ਲਜ਼ਲੇ ਆਉਂਦੇ ਤੇ ਜਾਂਦੇ ਰਹਿਣਗੇ,
ਜ਼ਲਜ਼ਲਾ ਹੀ ਬਣ ਨਾ ਜਾਈਂ, ਇਹ ਮੇਰੀ ਤਾਕੀਦ ਹੈ।

ਜਿਸ ਦੇ ਗਾਇਆਂ ਜ਼ਿੰਦਗੀ ਦਾ ਸਾਜ਼ ਲਰਜਣ ਲੱਗ ਪਵੇ,
ਗੀਤ ਏਦਾਂ ਦਾ ਨਾ ਗਾਈਂ ਇਹ ਮੇਰੀ ਤਾਕੀਦ ਹੈ।



ਸੁਪਨਿਆਂ ਦੇ ਜਮਘਟੇ 'ਚੋਂ ਜੋ ਕਦੀ ਨਾ ਭੁੱਲ ਸਕੇ,
ਇੰਜ ਦਾ ਸੁਪਨਾ ਹੋ ਜਾਈਂ, ਇਹ ਮੇਰੀ ਤਾਕੀਦ ਹੈ।

ਪੰਛੀਆਂ ਦੇ ਰੋਣ ਦੀ ਤੇ ਗੌਣ ਦੀ ਕਰਕੇ ਪਛਾਣ,
ਫਿਰ ਚਮਨ ਵਿਚ ਮੁਸਕਰਾਈਂ, ਇਹ ਮੇਰੀ ਤਾਕੀਦ ਹੈ।

ਸ਼ਹਿਰ "ਪਰਦੇਸੀ" ਦੇ ਵੱਲ ਨੂੰ ਸੁਣ ਹਵਾਏ ਜਾਂਦੀਏ,
ਜਾਂਦਿਆਂ ਹੀ ਪਰਤ ਆਈਂ, ਇਹ ਮੇਰੀ ਤਾਕੀਦ ਹੈ।

***



# ਆਣਾ ਸੀ ਕਦੇ

ਜ਼ਿੰਦਗੀ ਵਿਚ ਇਸ ਤਰ੍ਹਾਂ ਦਾ ਮੋੜ ਆਣਾ ਸੀ ਕਦੇ।
ਸੁਪਨਿਆਂ ਪਲਕਾਂ ਦੇ ਦਰ ਤੋਂ ਪਰਤ ਜਾਣਾ ਸੀ ਕਦੇ।

ਤੇਰਿਆਂ ਬੋਲਾਂ ਚੋਂ ਆਉਂਦੀ ਮਹਿਕ ਦਾ ਹੀ ਸੀ ਅਸਰ,
ਜ਼ਿੰਦਗੀ ਨੇ ਲਾਰਿਆਂ ਸੰਗ ਵਰਚ ਜਾਣਾ ਸੀ ਕਦੇ।

ਜੋ ਕਦੀ ਮੁਰਗਾਬੀਆਂ ਬਣ ਕੇ ਸੀ ਤਰਦੇ ਜ਼ਿਹਨ ਵਿਚ,
ਤੇਰਿਆਂ ਹੀ ਹਾਸਿਆਂ ਨੇ ਦਿਲ ਜਲਾਣਾ ਸੀ ਕਦੇ।

ਇਹ ਜੋ ਹੁਣ ਵੀਰਾਨ ਹੈ, ਸੁੰਨਸਾਨ ਹੈ, ਸ਼ਮਸ਼ਾਨ ਹੈ,
ਬੁਲਬੁਲਾਂ ਦਾ ਇਸ ਜਗ੍ਹਾ ਹੁੰਦਾ ਟਿਕਾਣਾ ਸੀ ਕਦੇ।

ਜਿਸ ਨਗਰ ਵਿਚ ਉਸ ਤਰ੍ਹਾਂ ਹੱਸਣ ਦੀ ਖਾਧੀ ਸੀ ਕਸਮ,
ਉਸ ਨਗਰ ਵਿਚ ਇਸ ਤਰ੍ਹਾਂ ਹੱਸਣਾ ਹਸਾਣਾ ਸੀ ਕਦੇ।

ਚਾਨਣੀ ਦੇ ਛੰਨੇ ਭਰ-ਭਰ ਕੇ ਉਤਾਰੇ ਜੇਸ ਨੇ,
ਉਸ ਗਲੇ ਨੇ ਨੇਰ੍ਹਿਆਂ ਨੂੰ ਵੀ ਲੰਘਾਣਾ ਸੀ ਕਦੇ।

ਵੇਖ "ਪਰਦੇਸੀ" ਅਸੀਂ ਅਗਨੀ ਦਾ ਝੂਲਾ ਝੂਲ ਕੇ,
ਪੀਂਘ ਸਤਰੰਗੀ ਨੂੰ ਏਦਾਂ ਵੀ ਮਨਾਣਾ ਸੀ ਕਦੇ।

***



# ਜ਼ਿੰਦਗੀ

ਗੀਤ ਕਵਿਤਾ ਕਹਾਣੀ ਜਹੀ ਜ਼ਿੰਦਗੀ।
ਸੁਪਨਿਆਂ ਵਿਚ ਇਹ ਮਾਣੀ ਜਹੀ ਜ਼ਿੰਦਗੀ।

ਜੋ ਵੀ ਆਇਆ ਉਹ ਬੁੱਕ ਭਰ ਕੇ ਪੀ ਤੁਰ ਗਿਆ,
ਆਪਣੀ ਵਗਦੇ ਪਾਣੀ ਜਹੀ ਜ਼ਿੰਦਗੀ।

ਹਸਦਿਆਂ ਹਸਦਿਆਂ ਨਾਲ ਹੀ ਲੈ ਗਏ,
ਚੁੱਪ ਖੜ੍ਹੀ 'ਜੀ ਭਿਆਣੀ' ਜਹੀ ਜ਼ਿੰਦਗੀ।

ਰਾਜਿਆਂ ਨੂੰ ਬਿਠਾ ਕੇ ਕਹੋ ਪ੍ਰੇਮ ਨਾਲ,
ਨਾ ਲੁਟਾਓ ਇਹ ਰਾਣੀ ਜਹੀ ਜ਼ਿੰਦਗੀ।

ਆਪਣੇ ਆਪ ਨੂੰ ਵੇਖ ਕੇ ਸੋਚਦਾਂ,
ਇਹ ਹੈ ਜਾਣੀ ਪਛਾਣੀ ਜਹੀ ਜ਼ਿੰਦਗੀ।

ਫੁੱਲ ਕਲੀਆਂ ਤੇ ਰੁੱਖਾਂ ਤੇ ਆਈ ਬਹਾਰ,
ਆਪਣੀ ਉਹ ਪੁਰਾਣੀ ਜਹੀ ਜ਼ਿੰਦਗੀ।

ਕਤਲ "ਪਰਦੇਸੀ" ਹੋਣੀ ਹੀ ਸੀ ਹੋ ਗਈ,
ਜਜ਼ਬਿਆਂ ਦੀ ਨਿਮਾਣੀ ਜਹੀ ਜ਼ਿੰਦਗੀ।

***

# ਗਾਏਂਗਾ ਤੂੰ

ਨੇਰ੍ਹਿਆਂ ਵਿਚ ਜਦ ਵੀ ਘਿਰ ਜਾਏਂਗਾ ਤੂੰ।
ਚਾਨਣੀ ਦਾ ਗੀਤ ਫਿਰ ਗਾਏਂਗਾ ਤੂੰ।

ਮਾਘ ਦੀ ਸੁੰਨਸਾਨ ਦੁਧੀਆ ਰਾਤ ਨੂੰ।
ਆਡ ਤੇ ਬਹਿ ਕੇ ਸੁਣਾਈ ਬਾਤ ਨੂੰ।
ਦੋਸਤਾਂ ਦੀ ਦੁਸ਼ਮਣੀ ਤੋਂ ਬੇ-ਖ਼ਬਰ,
ਗੱਲੀਂ ਲੱਗਿਆਂ ਚੜ੍ਹ ਗਈ ਪ੍ਰਭਾਤ ਨੂੰ।
ਯਾਦ ਕਰ ਕਰ ਭੁੱਲਣਾ ਚਾਹੇਂਗਾ ਤੂੰ।
ਨੇਰ੍ਹਿਆਂ ਵਿਚ ਜਦ ਵੀ ਘਿਰ ਜਾਏਂਗਾ ਤੂੰ।

ਕਾਸ਼ਨੀ ਦੇ ਫੁੱਲ ਚੇਤੇ ਆਉਣਗੇ।
ਖੇਤ ਸਰ੍ਹਵਾਂ ਦੇ ਨਿਗਾਹੀਂ ਛਾਉਣਗੇ।
ਆਗ ਜਦ ਭੰਨੇਂਗਾ ਸਾਡੇ ਦਿਲ ਦੇ ਵਾਂਗ।
ਫੇਰ ਨਾ ਤਿੱਤਰ ਕਮਾਦੀਂ ਗੌਣਗੇ।
ਰੋਏਂਗਾ, ਡੁਸਕੇਂਗਾ ਪਛਤਾਏਂਗਾ ਤੂੰ।
ਨੇਰ੍ਹਿਆਂ ਵਿਚ ਜਦ ਵੀ ਘਿਰ ਜਾਏਂਗਾ ਤੂੰ।

ਮੌਤ ਯਾਦਾਂ ਨੂੰ ਕਦੇ ਨਾ ਆਏਗੀ।
ਹਾਸਿਆਂ ਦੀ 'ਹਾਂ' ਮਕਾਣ ਆ ਜਾਏਗੀ।
ਧੁੱਪ ਨੂੰ ਰੱਖਿਆ ਸੀ ਜਾਮਨ ਪਿਆਰ ਦਾ
ਜ਼ਿੰਦਗੀ ਪਰਛਾਵਾਂ ਬਣ ਢਲ ਜਾਏਗੀ।
ਫਿਰ ਨਾ 'ਪਰਦੇਸੀ' ਘਰੀਂ ਆਏਂਗਾ ਤੂੰ,
ਨੇਰ੍ਹਿਆਂ ਵਿਚ ਜਦ ਵੀ ਘਿਰ ਜਾਏਂਗਾ ਤੂੰ।
ਚਾਨਣੀ ਦਾ ਗੀਤ ਫਿਰ ਗਾਏਂਗਾ ਤੂੰ।



# ਗਾਏਂਗੀ ਤੂੰ

ਨੇਰ੍ਹਿਆਂ ਵਿਚ ਜਦ ਵੀ ਘਿਰ ਜਾਏਂਗੀ ਤੂੰ।
ਚਾਨਣੀ ਦਾ ਗੀਤ ਫਿਰ ਗਾਏਂਗੀ ਤੂੰ।

ਇਹ ਤੇਰੇ ਨਗ਼ਮੇ ਚੁਰਾਏ ਜਾਣਗੇ।
ਹਾਸਿਆਂ ਨੂੰ ਖੰਭ ਲਾਏ ਜਾਣਗੇ।
ਚੇਤ ਦੀ ਇਸ ਧੁੱਪ ਜਹੀ ਮੁਸਕਾਨ ਨੂੰ,
ਵੇਖ ਲਈਂ ਹੰਝੂ ਪਿਲਾਏ ਜਾਣਗੇ।
ਫਿਰ ਨਾ ਗੋਰੀ ਰਾਤ ਅਖਵਾਏਂਗੀ ਤੂੰ।
ਨੇਰ੍ਹਿਆਂ ਵਿਚ ਜਦ ਵੀ ਘਿਰ ਜਾਏਂਗੀ ਤੂੰ।

ਪਹੁ ਫੁਟਾਲੇ ਜਦ ਵੀ ਪੰਛੀ ਗਾਉਣਗੇ।
ਤ੍ਰੇਲ ਦੇ ਤੁਬਕੇ ਵੀ ਲਾਂਬੂ ਲਾਉਣਗੇ।
ਸਿਰ ਤੋਂ ਉੱਡਦੇ ਪੰਛੀਆਂ ਦੇ ਝੁੰਡ ਵੀ,
ਤੇਰੀ ਖਾਮੋਸ਼ੀ ਨੂੰ ਚੋਗਾ ਪਾਉਣਗੇ।
ਵੰਝਲੀ ਦੀ ਹੂਕ ਬਣ ਜਾਏਂਗੀ ਤੂੰ।
ਨੇਰ੍ਹਿਆਂ ਵਿਚ ਜਦ ਵੀ ਘਿਰ ਜਾਏਂਗੀ ਤੂੰ।

ਹੋਰ ਇਕ ਸਦਮਾ ਹੀ ਗਲ਼ ਨੂੰ ਲਾਏਂਗੀ।
ਆਡ ਦੇ ਪਾਣੀ 'ਚ ਕਿੰਜ ਡੁੱਬ ਜਾਏਂਗੀ।
ਰੋਜ਼ "ਪਰਦੇਸੀ" ਦੇ ਵਾਂਗੂੰ ਮਰਨ ਦਾ,
ਤੂੰ ਵੀ ਫਿਰ ਇਕ ਸਿਲਸਿਲਾ ਬਣ ਜਾਏਂਗੀ।
ਹਾਸਿਆਂ ਦੀ ਲਾਸ਼ ਅਖਵਾਏਂਗੀ ਤੂੰ।
ਨੇਰ੍ਹਿਆਂ ਵਿਚ ਜਦ ਘਿਰ ਜਾਏਂਗੀ ਤੂੰ।
ਚਾਨਣੀ ਦਾ ਗੀਤ ਫਿਰ ਗਾਏਂਗੀ ਤੂੰ।

# ਲੁਕ ਗਈ ਦੀਵਿਆ ਰੌਸ਼ਨੀ

ਲੁਕ ਗਈ ਦੀਵਿਆ ਰੌਸ਼ਨੀ।
ਇਹ ਹੈ ਦੁਨੀਆਂ ਦੀ ਜਾਦੂਗਰੀ।

ਰੋੜ ਕੇ ਤੈਨੂੰ ਲੈ ਜਾਇਗੀ,
ਸੁਪਨਿਆਂ ਦੀ ਨਦੀ ਸ਼ੂਕਦੀ।

ਜ਼ਖ਼ਮ ਦਿੱਤੇ ਨੇ ਤੜਪਾਈ ਜਾਨ,
ਚਾਨਣੀ ਦੀ ਮੁਹੱਬਤ ਹੈ ਕੀ।

ਇਹ ਭੁਲੇਖਾ ਜਿਹਾ ਰਹਿਣ ਦੇ,
ਹੈ ਦੁਹਾਂ ਦੀ ਸੁਖੀ ਜ਼ਿੰਦਗੀ।

ਇਹ ਬਦਲ ਜਾਊ ਮੌਸਮ ਦੇ ਨਾਲ,
ਇਸ ਹਵਾ ਦੀ ਵੀ ਕੀ ਦੋਸਤੀ।

ਬਸ ਕਰੋ ਬੂਹੇ ਖੜਕਾਉ ਨਾ,
ਇਸ ਘਰੇ ਕੋਈ ਰਹਿੰਦਾ ਨਹੀਂ।

ਭਾਲ 'ਪਰਦੇਸੀ' ਦੀ ਨਾ ਕਰੋ,
ਕਰ ਲਈ ਓਸ ਨੇ ਖ਼ੁਦਕੁਸ਼ੀ।

***



# ਵਾ-ਵਰੋਲੇ ਜੇ.......

ਵਾ-ਵਰੋਲੇ ਜੇ ਗਲ ਲਾਉਗੇ।
ਧੂੜ ਬਣ ਕੇ ਹੀ ਉਡ ਜਾਉਗੇ।

ਕੀ ਖ਼ਬਰ ਸੀ ਕੀ ਬਾਗੀਂ ਤੁਸੀਂ,
ਜਾ ਕੇ ਮਹਿਕਾਂ 'ਚ ਘਿਰ ਜਾਂਉਗੇ।

ਸ਼ੋਖ ਰੰਗਾਂ ਦੀ ਬਸਤੀ 'ਚ ਇਉਂ,
ਦਿਲ ਕਦੋਂ ਤੀਕ ਭਰਮਾਉਗੇ।

ਨੀਂਦ ਫਿਰ ਵੀ ਨਹੀਂ ਆਏਗੀ,
ਬਣ ਕੇ ਬਿਸਤਰ ਜੇ ਵਿਛ ਜਾਓਗੇ।

ਇਸ ਹਨ੍ਹੇਰੇ 'ਚ ਕਦ ਤਕ ਤੁਸੀਂ,
ਹਉਕੇ ਚਾਨਣ ਦੇ ਦਫ਼ਨਾਉਗੇ।

ਅੱਜ ਜੋ ਹੱਸ-ਹੱਸ ਕੇ ਗਾਇਆ ਅਸੀਂ,
ਗੀਤ ਰੋ ਰੋ ਕੇ ਕਲ੍ਹ ਗਾਉਗੇ।

ਭੀੜ 'ਪਰਦੇਸੀ' ਜਦ ਵੀ ਬਣੀ,
ਫੇਰ ਅਪਣੇ ਗਿਰਾਂ ਆਉਗੇ।

***

## ਨ.ਗਮਾ ਸੁਨਾਉਣ ਚੱਲੇ

ਅੱਜ ਫੇਰ ਜਜ਼ਬਿਆਂ ਨੂੰ ਸੂਲੀ ਚੜ੍ਹਾਉਣ ਚੱਲੇ।
ਉਸ ਦੀ ਸਭਾ 'ਚ ਅਪਣਾ ਨਗ਼ਮਾ ਸੁਣਾਉਣ ਚੱਲੇ।

ਮਾਸੂਮ ਹਾਸਿਆਂ ਨੂੰ ਲੈ ਜਾਏ ਜੋ ਉੜਾ ਕੇ,
ਯਾ ਰੱਬ ਕਿਸੇ ਨਗਰ ਵੀ ਐਸੀ ਨਾ ਪੌਣ ਚੱਲੇ।

ਹੱਥੀਂ ਕਟਾਰ ਫੜ ਕੇ, ਨੈਣੀਂ ਅੰਗਾਰ ਭਰ ਕੇ,
ਦਿਲਬਰ ਨੂੰ ਕਿਸ ਤਰ੍ਹਾਂ ਇਹ ਦਿਲਬਰ ਮਨਾਉਣ ਚੱਲੇ।

ਉਸ ਦੇ ਗਿਰਾਂ ਦੇ ਰਸਤੇ ਚਲਦੇ ਹਾਂ ਜਦ ਵੀ ਆਪਾਂ,
ਇਉਂ ਜਾਪਦਾ ਹੈ ਜੀਕਣ ਗੰਗਾ ਨਹਾਉਣ ਚੱਲੇ।

ਥੋਰ੍ਹਾਂ ਚੋਂ ਫੁੱਲ ਬਣ ਕੇ ਫੁੱਟਣ ਦੀ ਲਾਲਸਾ ਹੈ,
ਐਵੇਂ ਨਹੀਂ ਤਾਂ ਇਹਨਾਂ ਕੰਡਿਆਂ ਤੇ ਕੌਣ ਚੱਲੇ।

ਮਾਸੂਮ ਨਗ਼ਮੇ ਉਸ ਨੇ ਜਿੱਥੇ ਜਿਬ੍ਹਾ ਸੀ ਕੀਤੇ,
"ਪਰਦੇਸੀ" ਹੋਰੀਂ ਉੱਥੇ ਮੰਦਿਰ ਬਣਾਉਣ ਚੱਲੇ।

❊ ❊ ❊



## ਗਿਰਾਂ ਵੀ ਤੇਰੇ ਨੇ

ਸ਼ਹਿਰ ਤੇਰੇ ਗਿਰਾਂ ਵੀ ਤੇਰੇ ਨੇ।
ਤਾਂ ਹੀ ਜੰਗਲ 'ਚ ਅਪਣੇ ਡੇਰੇ ਨੇ।

ਰਾਤੇ ਤੂੰ ਕਿਉਂ ਤਸੀਹੇ ਦੇਨੀਂ ਏਂ,
ਦੁੱਖ ਦੇਣੇ ਨੂੰ ਦਿਨ ਬਥੇਰੇ ਨੇ।

ਚਾਨਣੀ ਜਦ ਗਵਾ ਲਈ ਆਪਾਂ,
ਫਿਰ ਤਾਂ ਲੁੱਟਣਾ ਹੀ ਸੀ ਹਨ੍ਹੇਰੇ ਨੇ।

ਫੇਰ ਪਾਣੀ 'ਚ ਨਕਸ਼ ਨੇ ਕਿਸ ਦੇ,
ਜੋ ਨਾ ਤੇਰੇ ਤੇ ਨਾ ਹੀ ਮੇਰੇ ਨੇ।

ਸਾਡੇ ਉੱਤੇ ਅਸਰ ਨਹੀਂ ਹੋਣਾ,
ਐਵੇਂ ਰੰਗਾਂ ਨੇ ਪਾਏ ਘੇਰੇ ਨੇ।

ਮੌਤ ਅਪਣੀ ਤੇ ਵੀ ਨਹੀਂ ਰੋਏ,
ਵੇਖ ਸਾਡੇ ਵੀ ਕੇਡੇ ਜੇਰੇ ਨੇ।

ਚਿਹਰੇ ਉਤਰੇ ਤੇ ਹਉਕੇ ਹੋਠਾਂ ਤੇ,
ਇਹ ਜੋ ਨਗ਼ਮੇ ਉਦਾਸ ਮੇਰੇ ਨੇ।

ਕੀ ਖ਼ਬਰ ਕਦ ਹਵਾ 'ਚ ਉਡ ਜਾਈਏ,
ਮਹਿਕਾਂ ਵਰਗੇ ਅਸਾਂ ਦੇ ਫੇਰੇ ਨੇ।

ਕੀਤੈ ਕੀ ਹੀ ਸਫ਼ਰ ਤੂੰ "ਪਰਦੇਸੀ"
ਹਾਲੇ ਪੈਂਡੇ ਬੜੇ ਲੰਮੇਰੇ ਨੇ।

# ਮੈਨਾ ਦੀ ਪ੍ਰੀਤ ਜੇਹਾ

ਮੈਨਾ ਦੀ ਪ੍ਰੀਤ ਜੇਹਾ ਤੋਤੇ ਦੇ ਪਿਆਰ ਵਰਗਾ।
ਸਾਡਾ ਤਾਂ ਹੈ ਉਲਾਂਭਾ ਮਹਿਕਾਂ ਦੇ ਭਾਰ ਵਰਗਾ।

ਮੋਤੀ ਉਹ ਜਿਸ ਨੂੰ ਪੱਥਰ ਕਹਿ ਕੇ ਤੂੰ ਤੋੜ ਦਿੱਤਾ,
ਹੰਝੂ ਦੀ ਜੂਨ ਭੋਗੇ ਹੀਰੇ ਦੀ ਧਾਰ ਵਰਗਾ।

ਨਗ਼ਮੇ ਤੂੰ ਮੇਰੇ ਅਪਣੇ ਹੋਠਾਂ 'ਚੋਂ ਕੇਰ ਕੇਰਾਂ,
ਹੋ ਜਾਇਗਾ ਇਹ ਤੇਰਾ ਜੀਵਨ ਸਿਤਾਰ ਵਰਗਾ।

ਐਵੇਂ ਤੂੰ ਪੰਛੀਆਂ ਤੇ ਬੰਦਿਸ਼ ਲਗਾ ਨਾ ਦੇਵੀਂ,
ਹਉਕਾ ਇਨ੍ਹਾਂ ਦਾ ਇਕ-ਇਕ ਹੁੰਦੈ ਕਟਾਰ ਵਰਗਾ।

ਹਰ ਆਦਮੀ ਨੇ ਸਿਰ ਤੇ ਖ਼ਬਰਾਂ ਦੀ ਪੰਡ ਚੁੱਕੀ,
ਹਰ ਸਖ਼ਸ਼ ਜਾਪਦਾ ਹੈ ਨਾਮਾ-ਨਿਗਾਰ ਵਰਗਾ।

ਏਨਾ ਰੁਆ ਨਾ ਸਾਨੂੰ ਹੜ੍ਹ ਜਾਇਗਾ ਚਮਨ ਇਹ,
ਹੜ੍ਹ ਦੀਦਿਆਂ 'ਚ ਸਾਡੇ ਰਾਵੀ ਦੀ ਮਾਰ ਵਰਗਾ।

"ਪਰਦੇਸੀ" ਉਮਰ ਸਾਰੀ ਲਿਖ-ਲਿਖ ਕੇ ਗਾਲ ਦਿੱਤੀ,
ਪਰ ਕੁਝ ਵੀ ਲਿਖ ਨਾ ਸਕਿਆ "ਚੰਡੀ ਦੀ ਵਾਰ" ਵਰਗਾ।

* * *



# ਤੇਰੇ ਤੁਰ ਜਾਣ ਦੇ ਪਿੱਛੋਂ

ਹਨ੍ਹੇਰੀ ਕਹਿਰ ਦੀ ਛਾਈ ਤੇਰੇ ਤੁਰ ਜਾਣ ਦੇ ਪਿੱਛੋਂ।
ਝੜੀ ਗੜਿਆਂ ਬੜੀ ਲਾਈ ਤੇਰੇ ਤੁਰ ਜਾਣ ਦੇ ਪਿੱਛੋਂ।

ਬਣੇ ਅੰਗਿਆਰ ਸਭ ਹਿਰਦੇ ਚੁਫੇਰੇ ਪਸਰਿਆ ਧੂੰਆਂ,
ਕਿਸੇ ਉਹ ਅੱਗ ਵਰਤਾਈ ਤੇਰੇ ਤੁਰ ਜਾਣ ਦੇ ਪਿੱਛੋਂ।

ਤੇਰੇ ਦਰਵਾਜ਼ਿਓ ਮੂਹਰੋਂ ਜੋ ਸਿਜਦਾ ਕਰਕੇ ਲੰਘਦੇ ਸੀ,
ਉਨ੍ਹਾਂ ਤਲਵਾਰ ਲਹਿਰਾਈ ਤੇਰੇ ਤੁਰ ਜਾਣ ਦੇ ਪਿੱਛੋਂ।

ਇਹ ਤੇਰੇ ਆਪਣੇ ਮਾਲੀ ਫਲਾਂ ਤੇ ਆਏ ਰੁੱਖਾਂ ਦੀ,
ਤੁਰੇ ਨੇ ਕਰਨ ਛੰਗਾਈ ਤੇਰੇ ਤੁਰ ਜਾਣ ਦੇ ਪਿੱਛੋਂ।

ਵਫ਼ਾ ਦੀ ਮੌਤ ਤੇ ਖ਼ੁਸ਼ੀਆਂ ਮਨਾਈਆਂ ਬੇ-ਵਫ਼ਾਵਾਂ ਨੇ,
ਬਣੇ ਅਪਣੇ ਹੀ ਹਰਜਾਈ ਤੇਰੇ ਤੁਰ ਜਾਣ ਦੇ ਪਿੱਛੋਂ।

ਜੋ ਤੇਰੇ ਸ਼ਹਿਰ 'ਚੋਂ ਆਉਂਦੀ ਸੀ ਨਿੱਤ ਅਠਖੇਲੀਆਂ ਕਰਦੀ,
ਹਵਾ ਉਹ ਡੁਸਕਦੀ ਆਈ ਤੇਰੇ ਤੁਰ ਜਾਣ ਦੇ ਪਿੱਛੋਂ।

ਵਫ਼ਾ ਦਿਨ ਰਾਤ ਕਰਦੇ ਨੇ ਇਹ ਅਪਣੇ ਨਾਲ "ਪਰਦੇਸੀ"
ਇਹ ਤੇਰੇ ਦਰਦ ਤਨਹਾਈ ਤੇਰੇ ਤੁਰ ਜਾਣ ਦੇ ਪਿੱਛੋਂ।

* * *

## ਚਿੰਤਾਵਾਂ ਦੀ ਝੀਲ

ਮੈਂ ਸਰਹੱਦਾਂ ਘੁੰਮ ਕੇ ਤੱਕੀਆਂ ਮੀਲੋ ਮੀਲ।
ਨੈਣੀ ਹਰ ਨਾਰ ਨਾਰ ਦੇ ਸੀ ਚਿੰਤਾਵਾਂ ਦੀ ਝੀਲ।

ਦੇ ਗਈ ਸਾਡੀ ਜੀਭ ਨੂੰ ਜਦ ਗੂੰਗੀ ਰੁੱਤ ਸਰਾਪ,
ਫਿਰ ਦਸ ਕਿੱਦਾਂ ਜਨਮ ਦਾ ਨਗਮਾ ਪ੍ਰੀਤ ਸੁਸ਼ੀਲ।

ਜੇ ਤੂੰ ਕਿਧਰੇ ਕੂਕਦੀ ਸੁਣਦੋਂ ਖੂਹ ਦੀ ਰੂਹ,
ਭਾਉਂਦੀ ਤੇਰੇ ਦਿਲ ਨੂੰ ਨਾ ਸ਼ਹਿਰ ਦੀ ਨਕਲੀ ਝੀਲ।

ਇਹ ਤਾਂ ਤੇਰੀ ਜ਼ਿੱਦ ਸੀ ਜਾਗੇ ਸਾਰੀ ਰਾਤ,
ਪਰ ਹੁਣ ਸੁਪਨੇ ਵੇਖ ਲੈ ਹੋਏ ਕਿੰਝ ਜ਼ਲੀਲ।

ਸ਼ਹਿਦ ਦਾ ਚਮਚਾ ਮੈਂ ਜਦੋਂ ਬੱਚੇ ਦੇ ਪਾਇਆ ਮੂੰਹ,
ਭਰ-ਭਰ ਆਈਆਂ ਅੱਖੀਆਂ ਉਡਦਾ ਵੇਖ ਮਖ਼ੀਲ।

ਮੈਂ ਤੇ ਮੇਰੀ ਜਿੰਦ ਨੇ ਰਹਿਣਾ ਇੱਕੋ ਮਿਕ,
ਅੱਡੋ ਅੱਡੀ ਹੋਣ ਦੀ ਤੂੰ ਕਰ ਲੱਖ ਅਪੀਲ।

"ਪਰਦੇਸੀ" ਕੁਝ ਹਾਸਿਆਂ ਦੀ ਅਦਭੁੱਤ ਹੁੰਦੀ ਦੇਣ,
ਦਿਲ ਦੇ ਅੰਦਰ ਅੱਥਰੂ ਨੈਣਾਂ ਦੇ ਵਿਚ ਨੀਲ।

❊ ❊ ❊



## ਹੋ ਗਿਆ ਏ ਚਾਨਣ

ਆਇਆ ਸੁਨੇਹਾ ਜ਼ਿੰਦਗੀ ਦਾ ਹੋ ਗਿਆ ਏ ਚਾਨਣ।
ਆਖਿਰ ਅਸਾਨੂੰ ਦੋਸਤੀ ਦਾ ਹੋ ਗਿਆ ਏ ਚਾਨਣ।

ਇਸ ਰੌਸ਼ਨੀ ਦੇ ਯੁਗ ਵਿਚ ਨੇਰ੍ਹੇ ਪਸੰਦ ਉਸ ਨੂੰ,
ਜਿਸ ਆਦਮੀ ਨੂੰ ਚਾਨਣੀ ਦਾ ਹੋ ਗਿਆ ਏ ਚਾਨਣ।

ਤਪਦੀ ਸਵੇਰ ਕਿਸ ਦੀ ਠਰਦੀ ਦੁਪਿਹਰ ਕਿਸ ਦੀ,
ਅੱਜ ਸ਼ਾਮ ਮੈਨੂੰ ਇਸ ਗਲੀ ਦਾ ਹੋ ਗਿਆ ਏ ਚਾਨਣ।

ਮੇਰਾ ਨਸੀਬ ਸੀ ਇਹ ਮਰਨਾ ਸਵੇਰ ਸ਼ਾਮੀਂ,
ਕੁਝ ਇਸ ਤਰ੍ਹਾਂ ਚਲ ਖ਼ੁਦਕੁਸ਼ੀ ਦਾ ਹੋ ਗਿਆ ਏ ਚਾਨਣ।

ਕਲੀਆਂ ਦੇ ਰਿਸ਼ਤਿਆਂ ਵਿਚ ਗੱਲ ਪੇਹਲੀਆਂ ਜਿਹੀ ਏ,
ਕਲੀਆਂ ਤੇ ਕੰਢਿਆਂ ਦਾ ਹੋ ਗਿਆ ਏ ਚਾਨਣ।

ਅਪਣੇ ਘਰੋਂ ਤੁਰੇ ਜੋ ਚਾਨਣ ਦੀ ਪੰਡ ਲੈ ਕੇ,
ਕਿਉਂ ਕੂਕਦੇ ਨੇ ਨੇਰ੍ਹਿਆਂ ਦਾ ਹੋ ਗਿਆ ਏ ਚਾਨਣ।

ਕਿੰਨੀ ਹੈ ਔਖ ਹੁੰਦੀ ਪਹਿਚਾਣ ਕਰਨ ਲੱਗਿਆ,
ਕਿੰਨਾ ਅਜੀਬ ਇਸ ਸਦੀ ਦਾ ਹੋ ਗਿਆ ਏ ਚਾਨਣ।

❊ ❊ ❊

# ਤੂੰ ਤੇ ਕਦੀ ਸੋਚਿਆ ਵੀ ਨਹੀਂ ਹੋਣਾ

ਤੂੰ ਤੇ ਕਦੀ
ਸੋਚਿਆ ਵੀ ਨਹੀਂ ਹੋਣਾ
ਕਿ
ਕਪਾਹਾਂ ਦੇ ਫੁੱਟ
ਖਿੜੇ ਦੇ ਖਿੜੇ
ਰਹਿ ਜਾਣਗੇ
ਅਤੇ ਚੋਣੀਆਂ
ਬਹਿ ਜਾਣਗੀਆਂ
ਖੂਹ ਦੀ ਮੌਣ ਦੁਆਲੇ
ਸੱਥਰ ਵਿਛਾ ਕੇ
ਜਾਂ
ਤੇਰੀ ਅਉਧ ਲੰਮੇਰੀ ਲਈ
ਲੰਮਾ ਤੰਦ ਪਾਉਣ ਵਾਲੀ
ਬਾਂਹ ਦਾ ਚੂੜਾ
ਉਸ ਦੀਆਂ
ਬਲੌਰੀ ਅੱਖਾਂ ਵਿਚ
ਤਿੜਕ ਜਾਵੇਗਾ
ਅਤੇ
ਉਸ ਦੇ ਨੈਣਾਂ ਦੀ
ਦੁਧੀਆਂ ਪੂਰਨਮਾਸ਼ੀ
ਪਹਿਨ ਲਵੇਗੀ
ਪਲਾਂ ਵਿਚ ਹੀ
ਮੱਸਿਆ ਦਾ ਲਿਬਾਸ



ਤੂੰ ਤੇ ਕਦੇ
ਸੋਚਿਆ ਵੀ ਨਹੀਂ ਹੋਣਾ
ਕਿ ਤੇਰੇ ਤੁਰ ਜਾਣ ਦੇ ਪਿੱਛੋਂ
ਦੋਸਤੀਆਂ ਦੇ
ਅਰਥ ਹੀ ਬਦਲ ਜਾਣਗੇ
ਅਤੇ
ਤੇਰੇ ਘਰ ਵੱਲ ਆਉਂਦੀਆਂ
ਸਭ ਸੜਕਾਂ ਤੇ
ਜਗ ਪੈਣਗੀਆਂ ਲਾਲ ਬੱਤੀਆਂ
ਜਾਂ
ਉੱਚੀਆਂ ਤੇ ਲੰਮੀਆਂ
ਉਡਾਣਾਂ ਭਰਨ ਵਾਲੇ
ਤੇਰੇ ਪੰਛੀ
ਖਲਾ ਵਿਚ
ਲਟਕ ਜਾਣ ਦਾ
ਢੌਂਗ ਰਚਣਗੇ।

ਤੂੰ ਤੇ ਕਦੀ
ਸੋਚਿਆ ਵੀ ਨਹੀਂ ਹੋਣਾ
ਕਿ ਤੇਰੇ ਤੁਰ ਜਾਣ ਦੇ ਪਿੱਛੋਂ
ਤੇਰੇ ਵੱਲੋਂ.
ਉਸਾਰੇ ਥੰਮ
ਤੇਰੀਆਂ
ਛੱਤਾਂ ਦਾ ਭਾਰ
ਝੱਲਣ ਤੋਂ
ਅਸਮਰਥ ਹੋਣ ਦਾ
ਐਲਾਨ ਕਰ ਦੇਣਗੇ
ਅਤੇ ਤੇਰਾ

ਪਾਣੀ ਭਰਨ ਵਾਲੇ
ਤੇਰੇ
ਮੁਰਗਾਬੀਆਂ ਵਰਗੇ
ਬੱਚਿਆਂ ਦੇ
ਤਲਾ ਸੁਕਾ ਦੇਣ ਦਾ ਵੀ
ਯਤਨ ਕਰਨਗੇ।

ਤੂੰ ਤੇ ਕਦੇ
ਸੋਚਿਆ ਵੀ ਨਹੀਂ ਹੋਣਾ
ਕਿ
ਜਾਣ ਲੱਗਾ
ਆਪਣੇ ਉਦਾਲੇ
ਇਕੱਠੇ ਕੀਤੇ
ਹਾਦਸਿਆਂ ਦੇ
ਹਜੂਮ ਵਿਚੋਂ
ਚੁਪ ਕਰਕੇ ਨਿਕਲ ਕੇ
ਸਾਡੇ ਲਈ
ਇਸ ਤਰ੍ਹਾਂ
ਹਾਦਿਸੇ ਤਕਸੀਮ
ਕਰ ਜਾਵੇਂਗਾ
ਕਿ ਜੀਵਨ ਅਤੇ
ਹਾਦਸਿਆਂ ਦੇ
ਅੰਤਰ ਲੱਭਣੇ ਹੀ
ਖ਼ੁਦ ਹਾਦਿਸੇ
ਬਣ ਜਾਣਗੇ
ਤੂੰ ਤੇ ਕਦੀ
ਸੋਚਿਆ ਵੀ ਨਹੀਂ ਹੋਣਾ।



## ਲੋਰੀ ਦਾ ਗੀਤ

ਰੱਬਾ ਲੱਖ ਨਿਆਮਤਾਂ ਜੱਗ ਉੱਤੇ,
ਤੇ ਕੋਈ ਇਸ ਤੋਂ ਨਹੀਂ ਪਿਆਰੀ।
ਹਰ ਘਰ ਵਿੱਚੋਂ ਆਵੇ ਯਾ ਰੱਬ,
ਬੱਚਿਆਂ ਦੀ ਕਿਲਕਾਰੀ।

ਇਹ ਮਿਠੜੇ ਮਿਠੜੇ ਮੇਵੇ,
ਰੱਬ ਸਭ ਨੂੰ ਦੇਵੇ।

ਗੋਲ-ਮਟੋਲੇ ਭੋਲੇ ਭੋਲੇ।
ਲਭਦੇ ਨਹੀਓਂ ਜੇ ਕੋਈ ਟੋਲੇ।
ਦਾਤੇ ਦੀ ਦਾਤਾਰ ਨੇ ਇਹ ਤਾਂ।
ਉਮਰਾਂ ਭਰ ਦਾ ਪਿਆਰ ਨੇ ਇਹ ਤਾਂ।
ਕੁੱਛੜ ਚੁੱਕੇ ਖਿੜ-ਖਿੜ ਹਸਦੇ
ਹਸਦੇ ਹਸਦੇ ਦਾੜ੍ਹੀ ਪਟਦੇ।

ਇਹ ਮਿਠੜੇ ਮਿਠੜੇ ਮੇਵੇ,
ਰੱਬ ਸਭ ਨੂੰ ਦੇਵੇ।

ਉਂਗਲ ਤੇ ਜਦ ਵੱਢਣ ਦੰਦੀਂ।
ਲਗਦੀ ਕਿੰਨੀ ਚੰਗੀ ਚੰਗੀ।
ਫਿਰ ਜਦ ਗਲ ਵਿਚ ਬਾਹਾਂ ਪਾਉਂਦੇ।
ਕਿੱਦਾਂ ਅਪਣੀ ਗਲ ਮਨਵਾਉਂਦੇ।
ਨਿੱਕੇ ਨਿੱਕੇ ਰੂਪ ਰੱਬ ਦੇ,
ਟਪਦੇ ਫਿਰਦੇ ਗਾਉਂਦੇ ਗਾਉਂਦੇ।

ਇਹ ਮਿਠੜੇ ਮਿਠੜੇ ਮੇਵੇ
ਰੱਬ ਸਭ ਨੂੰ ਦੇਵੇ।

ਇਹਨਾਂ ਬਿਨ ਸੋਂਹਦੇ ਨਾ ਵਿਹੜੇ।
ਨਾ ਇਹਨਾਂ ਬਿਨ ਖੁਸ਼ੀਆਂ ਖੇੜੇ।
ਨਿੱਕੀ - ਨਿੱਕੀ ਗੱਲੋਂ ਰੁਸਦੇ।
ਰੁਸ - ਰੁਸ ਕੇ ਕੁਝ ਚੁਕ-ਚੁਕ ਸੁੱਟਦੇ।
ਮੈਂ ਤੇ ਸੋਚਾਂ ਬੇਸਮਝੀ ਵਿਚ,
ਆਪਣਾ- ਆਪਣਾ ਬਚਪਨ ਬੁਚਦੇ।

ਇਹ ਮਿਠੜੇ ਮਿਠੜੇ ਮੇਵੇ।
ਰੱਬ ਸਭ ਨੂੰ ਦੇਵੇ।

ਸੌਂ ਜਾਵੇ ਤਾਂ ਰਾਤ ਓਸ ਦੀ।
ਜਾਗ ਪਵੇ ਪਰਭਾਤ ਉਸਦੀ।
ਇਹ ਤਾਂ ਹੈ ਖੈਰਾਤ ਓਸ ਦੀ।
"ਪਰਦੇਸੀ" ਸਭ ਦੇ ਨਾ ਹੁੰਦੀ।
ਰਹਿਮਤ ਦੀ ਬਰਸੀਤ ਓਸ ਦੀ।

ਇਹ ਮਿਠੜੇ ਮਿਠੜੇ ਮੇਵੇ
ਰੱਬ ਸਭ ਨੂੰ ਦੇਵੇ।

❊ ❊ ❊





## ਕਬੂਤਰ

ਕਰਦੇ ਮਾਲੋਂ ਮਾਲ ਕਬੂਤਰ।
ਉੱਡੇ ਸਾਲੋਂ ਸਾਲ ਕਬੂਤਰ।

ਜੋ ਛਤਰੀ ਤੋਂ ਉੱਡਣੋਂ ਰਹਿ ਗਏ,
ਜੀ ਦਾ ਬਣੇ ਜੰਜਾਲ ਕਬੂਤਰ।

ਮੰਜ਼ਿਲ ਤੇ ਕੁਝ ਉਹ ਹੀ ਪਹੁੰਚੇ,
ਜਿਹੜੇ ਝਲ ਗਏ ਝਾਲ ਕਬੂਤਰ।

ਸੁੱਖੀ ਬਚ ਜਾਹ ਤੇਰੇ ਵੱਲ ਵੀ,
ਆ ਗਏ ਨਾਲੋਂ ਨਾਲ ਕਬੂਤਰ।

ਉਲਟੀ ਗੰਗਾ ਬੰਦਿਆਂ ਉੱਤੇ,
ਪਾ ਕੇ ਬਹਿ ਗਏ ਜਾਲ ਕਬੂਤਰ।

ਇਹਨਾਂ ਦਾ ਜਿਨ ਚੋਗਾ ਖਾਧਾ,
ਕਰਦੇ ਫਿਰਦੇ ਭਾਲ ਕਬੂਤਰ।

ਆਪੂ ਆ ਗਏ ਛੁਰੀਆਂ ਥੱਲੇ,
ਕੀਤੇ ਜਿਨ੍ਹਾਂ ਹਲਾਲ ਕਬੂਤਰ।

ਇਨਸਾਨਾਂ ਦੇ ਖੰਭ ਕੁਤਰ ਗਏ,
ਕਰ ਗਏ ਵੇਖ ਕਮਾਲ ਕਬੂਤਰ।

ਸਰਕਾਰੀ ਕੰਧਾਂ ਦੇ ਉਹਲੇ,
ਬੈਠੇ ਧੂੰਏਂ ਬਾਲ ਕਬੂਤਰ।

ਹੰਸ ਉਡਾਰੀ ਜਦ ਜਦ ਮਾਰਨ
ਉੱਡਣ ਬੰਨ ਬੰਨ ਪਾਲ ਕਬੂਤਰ।

ਵੇਖ ਗੜ੍ਹੀਰੇ ਵਿਚ ਵੀ ਪੰਛੀ,
ਠੌਕ ਗਏ ਨੇ ਵਾਲ ਕਬੂਤਰ।

ਮੌਸੀਕੀ ਦੇ ਅੰਬਰ ਉੱਤੇ,
ਵੇਖ ਉਡਦੇ ਬੇ ਤਾਲ ਕਬੂਤਰ।

ਸਭ ਨੇ ਵੇਖੇ ਬਿਨ ਖੰਬਾਂ ਤੋਂ,
ਉਡਦੇ ਪੌਡਾਂ ਨਾਲ ਕਬੂਤਰ।

ਮੁਰਗੇ ਖਾਂਦੇ ਖਾਣ ਲੱਗ ਪਏ,
ਹੁਣ ਸਰਕਾਰੀ ਦਾਲ ਕਬੂਤਰ।

"ਪਰਦੇਸੀ" ਬੰਦਿਸ਼ ਕੁਝ ਦਿਨ ਦੀ,
ਉੱਡਣਗੇ ਹਰ ਹਾਲ ਕਬੂਤਰ।

❊ ❊ ❊





# ਸ਼ਾਇਦ ਤੈਨੂੰ ਨਹੀਂ ਪਤਾ

ਸ਼ਾਇਦ
ਤੈਨੂੰ ਨਹੀਂ ਪਤਾ
ਕਿ ਤੇਰਾ
ਰੁਮਕਦੀ ਪੌਣ ਵਾਂਗ ਆਉਣਾ
ਅਤੇ ਫਿਰ
ਹਨ੍ਹੇਰੀ ਵਾਂਗ ਚਲੇ ਜਾਣਾ
ਭਾਵੇਂ
ਇਹਨਾਂ ਪਗਡੰਡੀਆਂ ਚੋਂ
ਤੇਰੀਆਂ
ਪੈੜਾਂ ਦੇ ਨਿਸ਼ਾਨ
ਨਾ ਦਿਸਣ ਦੇਵੇ
ਪਰ
ਅਹਿਸਾਸਾਂ ਦੇ ਬੱਦਲ
ਜੋ
ਬਿਨਾਂ ਵਰ੍ਹਿਆਂ ਹੀ
ਖਿੱਲਰ ਗਏ
ਜੀਵਨ ਦੀ ਸਵੇਰ ਵਿਚ
ਧੁੰਦ ਦਾ ਕਾਰਨ
ਤਾਂ ਬਣਨਗੇ ਹੀ।

ਸ਼ਾਇਦ
ਤੈਨੂੰ ਨਹੀਂ ਪਤਾ
ਕਿ ਕਿਸੇ ਵੱਲ
ਮੁਸਕਰਾ ਕੇ ਵੇਖਣਾ ਵੀ



ਭਾਵੇਂ
ਕਿਸੇ ਹਾਦਸੇ ਤੋਂ
ਘੱਟ ਨਹੀਂ ਹੁੰਦਾ।
ਪਰ
ਜ਼ਿੰਦਗੀ ਦੀ ਗ਼ਜ਼ਲ
ਗਾਉਂਦਿਆਂ ਗਾਉਂਦਿਆਂ
ਆਵਾਜ਼ ਦਾ
ਇਕ ਦਮ
ਗੁੰਗਾ ਹੋ ਜਾਣਾ ਵੀ
ਬੜਾ ਖ਼ੌਫ਼ਨਾਕ
ਹਾਦਸਾ ਹੁੰਦਾ ਹੈ

ਸ਼ਾਇਦ
ਤੈਨੂੰ ਨਹੀਂ ਪਤਾ
ਦੋਸਤੀ ਦੇ ਘੋੜੇ ਨੂੰ
ਸਰਪਟ ਦੌੜਾਨ ਨਾਲੋਂ
ਦੁੜਕੀ ਚਾਲੇ ਰੱਖਣਾ
ਘੋੜੇ ਅਤੇ ਆਪਣੇ
ਦੋਹਾਂ ਲਈ ਹੀ
ਲਾਹੇਵੰਦ ਹੁੰਦਾ ਹੈ
ਅਤੇ
ਕਿੱਲਿਆਂ ਨਾਲ
ਬੰਨੀਆਂ ਯਾਰੀਆਂ
ਤਾਂ ਬੱਸ
ਖਲੋਤੇ ਪਾਣੀਆਂ ਵਾਂਗ
ਹੁੰਦੀਆਂ ਨੇ
ਅਤੇ



ਵਕਤ ਦੇ ਚੁਪਾਸੇ
ਝੱਟ ਇਹਨਾਂ ਵਿਚ
ਬਦਬੋ ਭਰ ਦਿੰਦੇ ਨੇ
ਮੈਨੂੰ
ਇਹ ਅਹਿਸਾਸ ਸੀ

ਸ਼ਾਇਦ ਤੈਨੂੰ ਨਹੀਂ ਪਤਾ
ਤੂੰ ਤੇ
ਸੋਚਿਆ ਹੋਵੇਗਾ
ਕਿ
ਤਿੜਕੇ ਹੋਏ ਭਾਂਡੇ ਨੂੰ
ਠੀਕਰੀਆਂ ਕਰਕੇ
ਸੁੱਟ ਦੇਣਾ
ਸ਼ੁਭ ਸ਼ਗਨ ਏ
ਪਰ
ਤਿੜਕੇ ਹੋਏ ਭਾਂਡਿਆਂ
ਨੂੰ ਵੀ
ਵਰਤੋਂ ਵਿਚ ਲਿਆਉਣਾ
ਅਸ਼ੁਭ ਨਹੀਂ ਹੁੰਦਾ
ਇਹ ਮੈਂ ਜਾਣਦਾ ਹਾਂ

ਸ਼ਾਇਦ
ਤੈਨੂੰ ਨਹੀਂ ਪਤਾ।

* * *

## ਐਨਾ ਕੁ ਨਿੱਘ ਸੀ

ਐਨਾ ਕੁ ਨਿੱਘ ਸੀ, ਬਸ ਏਦਾਂ ਦਾ ਪਿਆਰ ਸੀ।
ਰੁੱਤਾਂ ਦਾ ਹਾਦਿਸਾ ਜਿਉਂ ਮੌਸਮ ਬਿਮਾਰ ਸੀ।

ਗੂੰਗਾ ਜਿਹਾ ਸੀ ਦਰਦ ਤੇ ਤੜਪਣ ਵੀ ਸੀ ਅਜੀਬ,
ਗੁੰਮਸੁੰਮ ਜਿਹੀ ਫ਼ਿਜ਼ਾ ਦੇ ਵੀ ਕੁਝ ਆਰ-ਪਾਰ ਸੀ।

ਦਮ ਤੋੜਦਾ ਪਿਆ ਸੀ ਇਕ ਗੀਤ ਦਿਲ ਦੇ ਕੋਲ,
ਅੱਖੀਆਂ ਚ ਟੁਕੜੇ ਹੋ ਰਹੀ ਦਿਲ ਦੀ ਸਿਤਾਰ ਸੀ।

ਇੰਜ ਤਿੜਕਿਆ ਵਜੂਦ ਕਿ ਕਿਰਚਾ ਹੀ ਬਣ ਗਿਆ,
ਤੇਰੀ "ਨਹੀਂ" ਦਾ ਵੇਖ ਲੈ ਕਿੰਨਾ ਕੁ ਭਾਰ ਸੀ।

ਤਪਦੇ ਥਲਾਂ ਦੀ ਰੇਤ ਤੇ ਪਿਆਸਾਂ ਹੀ ਬਖ਼ਸ਼ੀਆਂ,
ਯਾ ਰੱਬ, ਅਸਾਂ ਦੇ ਵਾਸਤੇ ਨਾ ਆਬਸ਼ਾਰ ਸੀ।

ਤੂੰ ਹੀ ਨਹੀਂ ਸੀ ਭਾਂਬੜਾਂ ਦੇ ਹਾਣ ਸਨ ਬੜੇ,
ਮਚਣਾ ਹੈ ਕਿਸ ਦੇ ਨਾਲ ਨਾ ਇਹ ਅਖਤਿਆਰ ਸੀ।

ਮੈਂ ਹਾਸਿਆਂ ਦੇ ਕਤਲ ਨੂੰ ਅਫ਼ਵਾਹ ਸਮਝਿਆ,
ਏਹੀ ਤਾਂ ਮੇਰਾ ਦੋਸ਼ ਸੀ ਏਹੋ ਹੀ ਹਾਰ ਸੀ।

"ਪਰਦੇਸੀ" ਅਪਣੇ ਦੇਸ਼ ਦੇ ਜਦ ਦਿਲ ਚ ਪਰਤਿਆ,
ਦਿਲ ਹੀ ਨਹੀਂ ਸੀ, ਪੂਰਾ ਬਦਨ ਤਾਰ ਤਾਰ ਸੀ।



## ਸਾਡੀ ਬਾਗਾਂ ਤੇ ਸਰਦਾਰੀ

ਸਾਡੀ ਬਾਗਾਂ ਤੇ ਸਰਦਾਰੀ,
ਵੇ ਤੈਨੂੰ ਕਿਵੇਂ ਬੇਰ ਦੇ ਦਿਆਂ।
ਤੇਰੀ ਮੱਤ ਗਈ ਗੱਭਰੂਆ ਮਾਰੀ,
ਵੇ ਤੈਨੂੰ ਕਿਵੇਂ ਬੇਰ ਦੇ ਦਿਆਂ।

ਇਹਨਾਂ ਬੇਰੀਆਂ ਦੇ ਹੱਕਦਾਰ ਕੌਣ ਵੇ।
ਇਹ ਨਾ ਜਾਣਦੀ ਅਜੇ ਤਾਂ ਸਾਡੀ ਪੌਣ ਵੇ।
ਅਸੀਂ ਝੱਲੀਏ ਕਿਉਂ ਖੱਜਲ ਖੁਆਰੀ,
ਵੇ ਤੈਨੂੰ ਕਿਵੇਂ ਬੇਰ ਦੇ ਦਿਆਂ।

ਜਦੋਂ ਪੈਣ ਲੱਗੇ ਬੇਰੀਆਂ ਨੂੰ ਬੂਰ ਵੇ।
ਉਦੋਂ ਮਹਿਕ ਖਿੰਡ ਜਾਂਦੀ ਦੂਰ-ਦੂਰ ਵੇ।
ਪੰਨੂੰ ਬਣ ਬਣ ਆਉਣ ਵਪਾਰੀ,
ਵੇ ਤੈਨੂੰ ਕਿਵੇਂ ਬੇਰ ਦੇ ਦਿਆਂ।

ਲੱਖਾਂ ਝੱਖੜ ਤੇ ਲੱਖਾਂ ਹੀ ਹਨੇਰੀਆਂ।
ਇਹਨਾਂ ਬੇਰੀਆਂ ਤੇ ਪਾ ਗਈਆਂ ਫੇਰੀਆਂ।
ਪਰ ਟੁੱਟੀ ਨਾ ਇਹਨਾਂ ਦੀ ਮੁਖਤਾਰੀ,
ਵੇ ਤੈਨੂੰ ਕਿਵੇਂ ਬੇਰ ਦੇ ਦਿਆਂ।

ਖਾ ਕੇ ਕੰਡਿਆਂ ਨੂੰ ਲੱਭਦੇ ਨੇ ਬੇਰ ਵੇ।
ਐਨੀ ਹਿੰਡ "ਪਰਦੇਸੀ" ਐਨੀ ਦੇਰ ਵੇ।
ਤੈਨੂੰ ਕਹਿ ਜੋ ਦਿੱਤਾ ਇਕ ਵਾਰੀ,
ਵੇ ਤੈਨੂੰ ਕਿਵੇਂ ਬੇਰ ਦੇ ਦਿਆਂ।

# ਦਰਦਾਂ ਦੇ ਸੁਲਤਾਨ

ਹਾਦਸਿਆਂ ਦੀ ਭੀੜ ਸੀ ਇਕ ਇਕੱਲੀ ਜਾਨ।
ਵਿੰਹਦੇ-ਵਿੰਹਦੇ ਬਣ ਗਏ ਦਰਦਾਂ ਦੇ ਸੁਲਤਾਨ।

ਪੰਛੀ ਆਏ ਉੜ ਗਏ ਚੁਗ-ਚੁਗ ਅਪਣਾ ਚੋਗ,
ਸੁੰਨਮਸੁੰਨੀ ਰੂਹ ਫਿਰ, ਫਿਰ ਜਿੰਦ ਬੀਆਬਾਨ।

ਕਾਲੇ ਬੱਦਲ ਫੇਰ ਅੱਜ ਘੇਰ ਲਿਆਈ ਪੌਣ,
ਤੇਰੇ ਚਿਹਰੇ ਵਾਂਗ ਹੀ ਛੁੱਪ ਗਿਆ ਅਸਮਾਨ।

ਮੁੜਕੇ ਆਈ ਫੇਰ ਨਾ ਧੁੰਦ 'ਚ ਲਿਪਟੀ ਰੁੱਤ,
ਬਣਦੇ-ਬਣਦੇ ਬਣ ਗਏ ਧੁੱਪਾਂ ਦੀ ਪਹਿਚਾਨ।

ਸੁਪਨੇ ਤੜਕੇ ਸਾਰ ਦੇ ਟੁੱਟੇ ਏਸ ਤਰ੍ਹਾਂ,
ਜਿਉਂ ਬੇ-ਸ਼ਗਨੇ ਟੁੱਟਦੇ ਤਾਰੇ ਵਿਚ ਅਸਮਾਨ।

ਅਪਣੀ ਰੂਹ ਨੂੰ ਪਿੰਜ ਕੇ ਕਰ ਬੈਠੇ ਹਾਂ ਰੂੰ,
ਨਿੱਘ ਰਹੇ ਹੁਣ ਮਾਣਦਾ ਅਪਣਾ ਹਿੰਦੋਸਤਾਨ।

ਮੋਗੇ ਵਿਚ ਵੀ ਪੁੱਛਦੇ ਇਹ ਰਾਜਿੰਦਰ ਕੌਣ?
ਦੱਸ ਕੀ ਤੇਰੀ ਪੁੱਛ ਹੈ ਕੀ ਤੇਰੀ ਪਹਿਚਾਨ।

ਯਾਦਾਂ ਦਾ ਤੰਦੂਰ ਜਦ ਤਪ ਕੇ ਹੋਇਆ ਲਾਲ,
ਸੇਕੇ ਸਾਰੀ ਰਾਤ ਹੀ ਠਰ ਚੁੱਕੇ ਅਰਮਾਨ।

ਲੱਖ "ਪਰਦੇਸੀ" ਆਪਣੀ ਵਾਟ ਲੁਕਾ ਕੇ ਰੱਖ,
ਰਾਹ ਅਠਤਾਲੀ ਮੀਲ ਦਾ ਚਿਹਰਾ ਕਰੂ ਬਿਆਨ।



# ਪਰਖੇ ਬਾਰਮਬਾਰ

ਨੀਲੇ ਪੀਲੇ ਲਾਲ ਮੈਂ ਸਭ ਪਰਖੇ ਬਾਰਮਬਾਰ
ਕੀ ਰਾਜਿੰਦਰ ਰਹਿ ਗਿਆ ਹੁਣ ਰੰਗਾਂ ਦਾ ਇਤਬਾਰ।

'ਜੀ ਆਇਆਂ ਨੂੰ' ਕਹਿਣ ਨੂੰ ਹੁਣ ਤਾਂ ਨਈਂ ਕਰਦਾ ਜੀ,
ਹੁਣ ਮਹਿਮਾਨ ਨਿਵਾਜ਼ੀਆਂ ਨੇ ਬਣੀਆਂ ਕਾਰੋਬਾਰ।

ਬਾਹਰ ਸਭ ਨੂੰ ਹਾਸਿਆਂ ਦੇ ਲੰਗਰ ਲਾਈ ਜਾਹ,
ਅਪਣੇ ਅੰਦਰ ਦਰਦ ਦੇ ਪਰ ਲਾਈ ਚੱਲ ਅੰਬਾਰ।

ਅੱਜ ਕੁਝ ਧੁੰਦ ਉਦਾਸ ਹੈ, ਅੱਜ ਫਿਰ ਚਮਕੇਗੀ ਧੁੱਪ
ਵਿੱਥ ਬਣੇਗੀ ਤ੍ਰੇਲ ਅਤੇ ਫੁੱਲਾਂ ਦੇ ਵਿਚਕਾਰ।

ਮੁੱਥੇ ਵਿਚ ਡੰਗ ਲਾਉਣਗੇ ਇਹ ਕਦ ਤੱਕ ਉੱਡਣੇ ਸੱਪ,
ਦਸਦੇ ਮੌਲਾ ਮੇਰਿਆ ਦਸਦੇ ਪਰਵਦਗਾਰ।

ਜੋੜ ਕਿਸੇ ਦੇ ਜੋੜਦਾ ਹੀ ਟੁੱਟ ਗਿਆ ਏਂ ਆਪ,
ਕਰ ਲੈ ਤੂੰ ਹਮਦਰਦੀਆਂ ਕਰ ਲੈ ਪਰਉਪਕਾਰ।

ਏਥੇ ਸੂਰਜ ਚੰਦ ਨੂੰ ਜਾਂਦੇ ਨੇ ਲੱਗ ਗ੍ਰਹਿਣ,
ਤੂੰ ਰਾਜਿੰਦਰ ਚੀਜ਼ ਕੀ ਦੱਸ ਤੂੰ ਕਿਸ ਪਾਣੀਹਾਰ।

ਉਸ ਨਗਰੀ ਵਿਚ ਜਾਣ ਦੀ ਬਸ ਕਰ ਬੈਠੇ ਸਾਂ ਭੁੱਲ,
ਬੰਦਾ ਭੁੱਲਣਹਾਰ ਹੈ ਤੂੰ ਬਖਸ਼ੀਂ ਬਖਸ਼ਣਹਾਰ।

ਆਪਾਂ ਅਪਣਾ ਖ਼ੂਨ ਹੀ ਜਦ ਕਰ ਬੈਠੇ ਤਕਸੀਮ,
ਫਿਰ ਕੀ ਰਹਿਣਾ ਦਰਦ ਸੀ ਤੇ ਕੀ ਰਹਿਣਾ ਸੀ ਪਿਆਰ।

ਗੂੰਗੀ ਬੋਲੀ ਰੁੱਤ ਹੈ ਦਮ ਘੁੱਟ ਦਾ ਮਾਹੌਲ
ਐਨਾ ਅਪਣੀ ਚੁਪ ਦਾ ਕਿਉਂ ਕਰਨਾ ਸੀ ਵਿਸਥਾਰ।

ਚੱਲ ਉਠ ਮੋਏ ਹਾਸਿਆਂ ਦੀ ਚੱਲੀਏ ਦੇਣ ਮਕਾਣ
ਉਠ "ਪਰਦੇਸੀ" ਮੇਰਿਆ ਉਠ ਰੋਈਏ ਜ਼ਾਰੋਜ਼ਾਰ।

# ਚਿੜੀਆਂ

ਰੁੱਖਾਂ ਤੋਂ ਜਦ ਵੀ ਰਾਤੀਂ ਜ਼ਾਲਿਮ ਉਡਾਣ ਚਿੜੀਆਂ।
ਖੰਭਾਂ 'ਚ ਲੈ ਕੇ ਚੂੰਝਾਂ ਹੰਝੂ ਵਹਾਣ ਚਿੜੀਆਂ।

ਸਾਨੂੰ ਇਹ ਹੁਕਮ ਤੇਰਾ ਹਰਗਿਜ਼ ਨਹੀਂ ਹੈ ਭਉਂਦਾ,
ਸੱਪਾਂ ਨੂੰ ਵੇਖ ਕੇ ਵੀ ਰੌਲਾ ਨਾ ਪਾਣ ਚਿੜੀਆਂ।

ਜਿੰਨਾਂ ਦੇ ਆਲ੍ਹਣੇ ਤੂੰ ਰੁੱਖਾਂ ਸਮੇਤ ਸਾੜੇ,
ਹੁਣ ਸੋਚਦਾ ਏਂ ਏਥੇ ਮੁੜ ਕੇ ਉਹ ਆਣ ਚਿੜੀਆਂ।

ਚਿੜੀਆਂ ਨੇ ਬਾਜ਼ ਤੋੜੇ, ਤੁੜਵਾਉਣ ਵਾਲਾ ਜਾਣੇ,
ਆਪਾਂ ਤੇ ਵੇਖਿਆ ਹੈ ਪਾਸੇ ਭੰਨਾਣ ਚਿੜੀਆਂ।

ਇਲਜ਼ਾਮ ਲਾ ਰਿਹਾ ਏਂ ਚਿੜੀਆਂ ਤੇ ਬੇ-ਰੁਖੀ ਦਾ,
ਕਿੰਜ ਮਰਸੀਏ ਦੀ ਰੁੱਤੇ ਹੱਸਣ ਹਸਾਣ ਚਿੜੀਆਂ।

ਚੋਗੇ ਲਈ ਦਿਨੇ ਉਹ ਚਾਹਤ ਦਬਾਉਣ ਅਪਣੀ,
ਰਾਤੀਂ ਇਹ ਸੁਪਨਿਆਂ ਦੇ ਸਦਮੇਂ ਹੰਢਾਣ ਚਿੜੀਆਂ।

"ਪਰਦੇਸੀ" ਸ਼ਿਕਰਿਆਂ ਤੋਂ ਰਹਿਮਤ ਦੀ ਆਸ ਰੱਖਣ,
ਕਿੰਨੀਆਂ ਇਹ ਭੋਲੀਆਂ ਨੇ ਕਿੰਨੀਆਂ ਨਜਾਣ ਚਿੜੀਆਂ।

❊ ❊ ❊